Price : Rs. 5.00 **1**

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

ਸਪਤਾਹਿਕ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਬਿਕ੍ਰਮੀ 1977 (1920 ਈ:) ਤੋਂ ਸਥਾਪਿਤ

# ਸਤਿਜੁਗ

ਕਲਿਜੁਗ ਮੇਂ ਸਤਿਜੁਗ ਵਰਤਾਊਂ॥ ਤਬੀ ਬਾਰਵਾਂ ਬਪੁ ਕਹਾਊਂ॥

www.sribhainisahib.com ਜਿਲਦ-24 ਨੰਬਰ-27

7 ਤੋਂ 13 ਅੱਸੂ 2073 - 22 to 28 September 2016 ਵੀਰਵਾਰ, ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 201

## ਹੁਕਮ ਮੰਨਣ ਵਿੱਚ ਸੁਖ



ਜੇ ਮੰਨੋ ਬਚਨ ਤੇ ਫੇਰ ਉਹ ਕਹਿੰਦੇ ਨੇ-ਸਾਰੇ ਸੁਖ ਪ੍ਰਾਪਤ ਹੋਣਗੇ । ਤਾਂ, ਭਾਈ, ਫਿਰ ਸਾਰੇ ਸੁਖ ਲੈਣੇ ਨੇ ਤਾਂ ਸਤਿਗੁਰਾਂ ਦੇ ਹੁਕਮ ਮੰਨੋ, ਔਰ ਉਹਨਾਂ ਦੇ ਹੁਕਮਾਂ ਉੱਤੇ ਚਲੋ ।




ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਦੂਸਰੀ ਪ੍ਰਕਾਸ਼ ਸ਼ਤਾਬਦੀ ਨੂੰ ਸਮਰਪਿਤ ਵਿਸ਼ਵ ਸ਼ਾਤੀ ਅਤੇ ਸਰਬਤ ਦੇ ਭਲੇ ਲਈ ਸਾਲਾਨਾ ਜਪ ਪ੍ਰਯੋਗ - ੨੦੧੬ ਸ੍ਰੀ ਭੈਣੀ ਸਾਹਿਬ ਵਿਖੇ ਪ੍ਰਤਾਪ ਮੰਦਰ ਵਿੱਚ ਹਾਜ਼ਰਾ ਹਜ਼ੂਰ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਪਾਵਨ ਹਜ਼ੂਰੀ ਵਿੱਚ ਆਰੰਭ ਹੋਇਆ ।



ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਸ੍ਰੀ ਭੈਣੀ ਸਾਹਿਬ ਕੋਠੀ ਨੰ-1 ਵਿਖੇ 16 ਸਤੰਬਰ 2016 ਨੂੰ ਜਪ ਪ੍ਰਯੋਗ ਦੀ ਅਰਦਾਸ ਅੰਮ੍ਰਿਤ ਵੇਲੇ 2:00 ਵਜੇ ਹੋਈ ।

## ਰਿਸ਼ਤਿਆਂ ਲਈ ਅਨੇਜਾ ਜੀ ਨਾਲ ਸੰਪਰਕ ਕਰੋ

**ਨਵੀਂ ਦਿੱਲੀ:** ਨਾਮਧਾਰੀ ਪਰਵਾਰਾਂ ਵਲੋਂ ਕਈ ਵਾਰ ਇਸ ਔਕੜ ਦੀ ਚਰਚਾ ਹੁੰਦੀ ਹੈ ਕਿ ਸਾਨੂੰ ਆਪਣੇ ਬੱਚਿਆਂ ਲਈ ਯੋਗ ਵਰ ਨਹੀ ਲੱਭਦੇ। ਇਸ ਸੰਬੰਧੀ ਸ੍ਰੀ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਸੰਤ ਗੁਰਮੁਖ ਸਿੰਘ ਅਨੇਜਾ ਦਿੱਲੀ ਵਾਲਿਆਂ ਨੇ ਇਹ ਸੇਵਾ ਸ਼ੁਰੂ ਕੀਤੀ ਹੈ। ਅਨੇਜਾ ਜੀ ਕੋਸ਼ਿਸ਼ ਕਰਦੇ ਹਨ ਕਿ ਉਹਨਾਂ ਨੂੰ ਲੋੜਵੰਦ ਬੱਚਿਆ ਦੇ ਵੇਰਵੇ ਮਿਲ ਜਾਣ, ਜਿਸ ਤੋਂ ਉਹਨਾਂ ਦੀ ਪੜਾਈ, ਨੌਕਰੀ, ਤਨਖਾਹ ਅਤੇ ਪਰਿਵਾਰਕ ਪਿਛੋਕੜ ਆਦਿ ਦਾ ਸਾਰਾ ਵੇਰਵਾ ਉਹਨਾਂ ਪਾਸ ਹੋਵੇ। ਅਨੇਜਾ ਜੀ ਨੇ ਆਪਣੇ Whatsapp 09599885577 ਤੇ ਇੱਕ ਫਾਰਮ ਵੀ ਪ੍ਰਕਾਸ਼ਤ ਕੀਤਾ ਹੈ। ਉਸ ਫਾਰਮ ਵਿੱਚ ਲੋੜਵੰਦ ਬੱਚੇ/ਬੱਚੀਆਂ ਦਾ ਵੇਰਵਾ ਉਹਨਾਂ ਨੂੰ ਭੇਜਿਆ ਜਾਵੇ। ਤਾਂ ਜੋ ਅਨੇਜਾ ਜੀ ਰਿਸ਼ਤਿਆਂ ਲਈ ਗੱਲਬਾਤ ਤੋਰ ਸੱਕਣ। ਜਿਸ ਲੋੜਵੰਦ ਪਰਵਾਰ ਨੂੰ ਬੱਚੇ ਦੇ ਅਨੰਦ ਕਾਰਜ ਦੀ ਲੋੜ ਹੋਵੇ ਉਹ ਸੰਤ ਗੁਰਮੁਖ ਸਿੰਘ ਅਨੇਜਾ ਜੀ ਨਾਲ ਹੇਠ ਲਿਖੇ ਅਨੁਸਾਰ ਸੰਪਰਕ ਕਰ ਸਕਦਾ ਹੈ - 09599885577, 9911578248, ਈਮੇਲ: rishteykaviji@gmail.com

## ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਪਾਵਨ ਹਜ਼ੂਰੀ ਵਿੱਚ

# ਸਾਲਾਨਾ ਜਪ-ਪ੍ਰਯੋਗ ਆਰੰਭ

**ਸ੍ਰੀ ਭੈਣੀ ਸਾਹਿਬ, 16 ਸਤੰਬਰ 2016**-ਹਰ ਸਾਲ ਦੀ ਤਰ੍ਹਾਂ ਅੱਸੂ ਦੇ ਮਹੀਨੇ ਦਾ ਸਾਲਾਨਾ ਜਪ ਪ੍ਰਯੋਗ ਅੱਜ ਮਿਤੀ 16 ਸਤੰਬਰ 2016 ਨੂੰ ਸ੍ਰੀ ਸਤਿਗੁਰੂ ਜੀ ਦੀ ਪਾਵਨ ਹਜ਼ੂਰੀ ਵਿਚ ਆਰੰਭ ਹੋਇਆ। ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ 15 ਸਤੰਬਰ ਨੂੰ ਵਾਰ ਦੇ ਭੋਗ ਤੋਂ ਬਾਅਦ ਸੰਤ ਨਿਸ਼ਾਨ ਸਿੰਘ ਨੂੰ ਹੁਕਮ ਕੀਤਾ ਕਿ ਕਲ੍ਹ ਨੂੰ ਸ਼ੁਰੂ ਹੋਣ ਵਾਲੇ ਜਪ ਪ੍ਰਯੋਗ ਬਾਰੇ ਦੱਸਿਆ ਜਾਵੇ ਉਹਨਾਂ ਦੱਸਿਆ ਕਿ ਕਲ੍ਹ ਮਿਤੀ 16-9-16 ਨੂੰ ਜਪ ਪ੍ਰਯੋਗ ਦੀ ਅਰਦਾਸ 3 ਵਜੇ ਆਰੰਭ ਹੋਵੇਗੀ ਤੇ ਉਸ ਤੋਂ ਅਗਲੇ ਦਿਨ ਹਰ ਰੋਜ਼ 2 ਵਜੇ ਅਰਦਾਸ ਹੋਵੇਗੀ। ਸ੍ਰੀ ਸਤਿਗੁਰੂ ਜੀ ਦੇ ਜਪ ਪ੍ਰਯੋਗ ਦੀ ਅਰਦਾਸ ਕੋਠੀ ਨੰਬਰ 1 ਵਿਚ ਸਵੇਰੇ 2 ਵਜੇ ਹੀ ਆਰੰਭ ਹੋਈ। ਸੰਤ ਮਹਿੰਦਰ ਸਿੰਘ ਪੂਰਬਾ ਨੇ ਅਰਦਾਸ ਕੀਤੀ। ਅਰਦਾਸ ਦੇ ਸ਼ਬਦ ਸਨ, "**ਸ੍ਰੀ ਸਤਿਗੁਰੂ ਰਾਮ ਸਿੰਘ ਜੀ ਆਪ ਜੀ ਦੀ ਕਿਰਪਾ ਨਾਲ ਅੱਸੂ ਦੇ ਮਹੀਨੇ ਦਾ ਜਪ ਪ੍ਰਯੋਗ ਧੂਪ, ਦੀਪ, ਕੁੰਭ, ਨਾਰੀਅਲ ਸੰਯੁਕਤ ਆਰੰਭ ਹੋ ਰਿਹਾ ਹੈ, ਕਾਰਜ ਨਿਰਵਿਘਨ ਸਮਾਪਤ ਕਰਨਾ।**" ਸ੍ਰੀ ਸਤਿਗੁਰੂ ਜੀ ਨੇ ਇਕ ਘੰਟਾ ਜਪ ਪ੍ਰਯੋਗ ਇਥੇ ਆਰੰਭ ਕਰਕੇ - ਪ੍ਰਤਾਪ ਮੰਦਰ ਵਿਚ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸੂਬਾ ਬਲਵਿੰਦਰ ਸਿੰਘ ਨੇ ਠੀਕ 3 ਵਜੇ ਕੜਾਹ ਪ੍ਰਸ਼ਾਦ ਆਉਣ ਦੇ ਨਾਲ ਹੀ ਅਰਦਾਸ ਆਰੰਭ ਕੀਤੀ। ਇਸ ਸਮੇਂ ਸ੍ਰੀ ਸਤਿਗੁਰੂ ਜੀ ਦੇ ਪਾਵਨ ਪਵਿੱਤਰ ਦਰਸ਼ਨ ਕਰਕੇ ਸੰਗਤਾਂ ਨੇ ਆਪਣਾ ਜਨਮ ਸਫਲਾ ਕੀਤਾ। ਸ੍ਰੀ ਸਤਿਗੁਰੂ ਜੀ ਨੇ ਆਸਾ ਦੀ ਵਾਰ ਵਿਚ ਦਰਸ਼ਨ ਦੇਣ ਦੀ ਕਿਰਪਾ ਕੀਤੀ।

ਪ੍ਰਤਾਪ ਮੰਦਰ ਸਾਧ ਸੰਗਤ ਦੇ ਨਾਲ ਭਰਪੂਰ ਸੀ। ਇਕ ਤਿਲ ਵੀ ਸੁਟਣ ਦੀ ਜਗ੍ਹਾ ਨਹੀਂ ਸੀ। ਇਸ ਵਾਰੀ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਪ੍ਰਤਾਪ ਮੰਦਰ ਵਿਚ ਹੀ ਸਿੰਘਾਂ ਤੇ ਬੀਬੀਆਂ ਦਾ ਇਕੱਠਾ ਜਪ ਪ੍ਰਯੋਗ ਆਰੰਭ ਹੋਇਆ। ਇਕ ਪਾਸੇ ਸਿੰਘ ਤੇ ਦੂਸਰੇ ਪਾਸੇ ਬੀਬੀਆਂ। ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਸਾਧ ਸੰਗਤ ਵਿਚ ਇੰਨਾ ਉਤਸ਼ਾਹ ਸੀ। 15 ਤਾਰੀਕ ਦੀ ਰਾਤ ਨੂੰ ਅੰਮ੍ਰਿਤ ਛਕਣ ਵਾਲਿਆਂ ਦੀਆਂ ਕਤਾਰਾਂ ਲੱਗੀਆਂ ਹੋਈਆਂ ਸਨ। ਅੰਮ੍ਰਿਤ ਛਕਾਉਣ ਦੀ ਸੇਵਾ ਮੁੱਠਡਾਂ ਕਲਾਂ ਦਾ ਜਥਾ ਸੂਬਾ ਹਰਜੀਤ ਸਿੰਘ ਦੀ ਅਗਵਾਈ ਵਿਚ ਕਰ ਰਿਹਾ ਸੀ। ਦੇਰ ਰਾਤ ਤਕ ਅੰਮ੍ਰਿਤ ਛਕਾਉਣ ਦਾ ਕੰਮ ਚਲਦਾ ਰਿਹਾ। ਸਵੇਰੇ 12 ਵਜੇ ਫਿਰ ਸੰਗਤਾਂ ਦਾ ਇਕੱਠ ਸੀ।

(ਬਾਕੀ ਸਫਾ 2 'ਤੇ)

# ਯੂ. ਕੇ. ਵਿਚ ਸ੍ਰੀ ਸਤਿਗੁਰੂ ਜੀ ਦੇ ਦਰਸ਼ਨਾਂ ਦੀ ਝੜੀ ਲੱਗੀ

## ❖ ਨੌਜਵਾਨਾਂ ਲਈ ਵਿਸ਼ੇਸ਼ ਕ੍ਰਿਪਾ ❖ ਸਤਿਗੁਰੂ ਜੀ ਦੇ ਦਸਤਾਵੇਜ਼ੀ ਦਸਤਖ਼ਤ ❖ ਸ਼ਰਧਾ ਨਾਲ ਮਾਤਾ ਜੀ ਦਾ ਯਾਦਗਾਰੀ ਦਿਵਸ ਮਨਾਇਆ



ਯੂ. ਕੇ. ਵਿਖੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਆਸਾ ਦੀ ਵਾਰ ਲਾਉਂਦਾ ਰਾਗੀ ਬਲਵੰਤ ਸਿੰਘ ਦਾ ਜਥਾ।

**ਲੰਡਨ 24 ਅਗਸਤ, ਬੁੱਧਵਾਰ**– ਅੱਜ ਏਥੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਕੀਰਤਨ ਸਮੇਂ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੇ ਦਰਸ਼ਨ ਦੀਦਾਰ ਕਰਨ ਲਈ ਸਾਰਾ ਇੰਗਲੈਂਡ ਢੁਕਾ ਲੱਗਦਾ ਹੈ। ਸਤਿਗੁਰੂ ਜੀ ਦਾ 30 ਅਗਸਤ ਤਕ ਦਾ ਦੌਰਾ ਸੀ। ਸਾਰੇ ਯੂ. ਕੇ 5 ਨਾਮਧਾਰੀ ਗੁਰਦੁਆਰਿਆਂ ਵਿਚ ਸਾਧ ਸੰਗਤ ਨੂੰ ਚਰਨ ਪਰਸਨ ਦਾ ਸੁਭਾਗ ਪ੍ਰਾਪਤ ਹੋਣਾ ਹੈ ਨੌਵਜਾਨਾਂ ਨੂੰ ਸ੍ਰੀ ਸਤਿਗੁਰੂ ਜੀ ਨਾਲ ਉਚੇਚਾ ਬਚਨ ਬਿਲਾਸ ਕਰਨ ਦਾ। ਸਮੁਚਾ ਵਾਤਾਵਰਨ ਕੀਰਤਨ ਤੇ ਨਾਮ ਸਿਮਰਨ ਨਾਲ ਰੂਹਾਨੀ ਰੰਗ ਵਿਚ ਰੰਗਿਆ ਰਹਿਣਾ ਹੈ। ਮਾਤਾ ਚੰਦ ਕੌਰ ਜੀ ਦਾ ਯਾਦਗਾਰੀ ਮੇਲਾ ਵੀ ਹੈ। ਬੀਬੀਆਂ ਨੇ ਮਾਤਾ ਗੁਰਸ਼ਰਨ ਕੌਰ ਜੀ ਦੇ ਸੰਗ ਸਾਥ ਦਾ ਲਾਹਾ ਵੀ ਲੈਣਾ ਹੈ।

ਸੱਚੇ ਪਾਤਸ਼ਾਹ ਜੀ ਤਾਂ 23 ਅਗਸਤ ਮੰਗਲਵਾਰ ਨੂੰ ਹੀ ਯੂ. ਕੇ. ਦੀ ਧਰਤੀ ਨੂੰ ਆਪਣੀ ਚਰਨ ਛੋਹ ਨਾਲ ਸੁਭਾਗਾ ਕਰ ਰਹੇ ਸਨ। ਪਰ ਸੰਗਤ ਨੂੰ ਹੁੰਮ ਹੁਮਾ ਕੇ ਹਵਾਈ ਅੱਡੇ ਤੇ ਜਾਣ ਦੀ ਇਜ਼ਾਜ਼ਤ ਨਹੀਂ ਸੀ। ਸੰਤ ਸੁਲਖਣ ਸਿੰਘ ਪ੍ਰਧਾਨ ਨਾਮਧਾਰੀ ਸੰਗਤ ਯੂ. ਕੇ. ਦੇ ਨਾਲ ਉਂਗਲਾਂ ਤੇ ਗਿਣੇ ਸਿੱਖ ਹੀ ਪ੍ਰਵਾਨਗੀ ਅਨੁਸਾਰ ਪੁੱਜੇ। ਇਥੋਂ ਤਕ ਕਿ ਸੂਬਾ ਕੁਲਦੀਪ ਸਿੰਘ ਹੋਰਾਂ ਨੂੰ ਵੀ ਪ੍ਰਧਾਨ ਜੀ ਰਾਹੀਂ ਪ੍ਰਵਾਨਗੀ ਲੈਣੀ ਪਈ, ਹੁਕਮ ਜੋ ਸੀ। ਸਾਰੇ ਦੌਰੇ ਵਿਚ ਸਤਿਗੁਰੂ ਜੀ ਨੂੰ ਆਪਣੀ ਰੌਲਸ ਰਾਈਸ ਕਾਰ ਖੁਦ ਚਲਾ ਕੇ, ਲੈ ਜਾਣ ਵਾਲੇ ਸੰਤ ਸਵਰਨ ਸਿੰਘ ਤੂਰ ਤੇ ਸਕਿਓਰਟੀ ਦੀ ਟੀਮ ਨਾਲ ਹੀ ਸੀ। ਉਥੋਂ ਸੱਚੇ ਪਾਤਸ਼ਾਹ ਜੀ ਤਰਸੇਮ ਸਿੰਘ ਫਲੌਰਾ ਦਾ ਹਾਲ ਚਾਲ ਪੁੱਛਣ ਲਈ ਉਸ ਦੇ ਘਰ ਕਰੋਈਡਨ (Croyacon) ਦਰਸ਼ਨ ਦਿੱਤੇ। ਉਹ ਭਾਵੇਂ ਢਿਲੇ ਮੱਠੇ ਸਨ ਪਰ ਉਹਨਾਂ ਆਪਣੇ ਦਫਤਰ ਸਤਿਗੁਰੂ ਜੀ ਨੂੰ ਲੈ ਜਾ ਕੇ ਸ੍ਰੀ ਭੈਣੀ ਸਾਹਿਬ ਦੇ ਵਿਕਾਸ ਲਈ ਪ੍ਰੋਜੈਕਟ ਬਾਰੇ ਦੱਸਿਆ। ਉਹ ਸ੍ਰੀ ਭੈਣੀ ਸਾਹਿਬ ਵੀ ਦਰਸ਼ਨ ਕਰ ਆਏ ਸਨ। ਉਹਨਾਂ ਨੇ 14 ਪ੍ਰੋਜੈਕਟਰ ਵਿਚਰਨੇ ਸਨ ਜਿਨ੍ਹਾਂ ਵਿਚ ਨਵਾਂ ਵੱਡਾ ਦਿਵਾਨ ਹਾਲ, ਮਾਤਾ ਚੰਦ ਕੌਰ ਜੀ ਦਾ ਯਾਦਗਾਰੀ ਭਵਨ, ਨਵਾਂ ਗੇਟ ਆਦਿ ਸਨ। ਫਲੌਰਾ ਹੋਰਾਂ ਸਤਿਗੁਰੂ ਜੀ ਨਾਲ ਆਪਣਾ ਵਿਜ਼ਨ ਸਾਂਝਾ ਕੀਤਾ ਤੇ ਖੁਸ਼ੀਆਂ ਪ੍ਰਾਪਤ ਕੀਤੀਆਂ।

ਸੰਗਤ ਨੂੰ ਪਤਾ ਲੱਗ ਗਿਆ ਕਿ ਅੱਜ ਸੱਚੇ ਪਾਤਸ਼ਾਹ ਜੀ ਦਾ ਡੇਰਾ ਐਬੀ ਵੁੱਡ ਸੰਤ ਲਖਬੀਰ ਸਿੰਘ ਬਾਂਸਲ ਘਰ ਹੈ, ਸੋ ਓਧਰ ਹੀ ਚਰਨ ਛੋਹ ਪ੍ਰਾਪਤ ਕਰਨ ਲਈ ਪਹੁੰਚੀ। ਸਤਿਗੁਰੂ, ਪਰਉਪਕਾਰੀ ਨੇ ਤਾਂ ਹਰਿ ਸਿਉ ਮਿਲਾਉਣਾ ਹੁੰਦਾ ਹੈ। ਸੋ ਆਪ ਦੇ ਹੁਕਮ ਅਨੁਸਾਰ ਸਾਧ ਸੰਗਤ ਨਾਮ ਸਿਮਰਨ ਕਰਨ ਬੈਠ ਗਈ। ਜੋ ਵੀ ਆਏ ਮੱਥਾ ਟੇਕ ਕੇ ਬੈਠਦਾ ਜਾਏ। ਬਨਾਰਸ ਦੇ ਵਿਦਿਆਰਥੀ ਡਾ. ਯਾਦਵਿੰਦਰ ਸਿੰਘ ਨੂੰ ਕਥਾ ਕਰਨ ਦਾ ਸੰਕੇਤ ਮਿਲਿਆ ਤਾਂ ਉਸਨੇ ਬੜੇ ਢੁਕਵੇਂ ਸ਼ਬਦਾਂ ਵਿਚ ਸਤਿਸੰਗ ਦੀ ਲੋੜ ਤੇ ਚਾਨਣਾ ਪਾਇਆ। ਉਸ ਦੀ ਵਿਦਵਤਾ, ਉਸਦੀ ਦਲੀਲ, ਗੁਰਬਾਣੀ ਤੇ ਸੰਸਕ੍ਰਿਤ ਗ੍ਰੰਥਾਂ ਦੀਆਂ ਟੂਕਾਂ, ਪ੍ਰਮਾਣਾਂ ਤੇ ਝਲਕਦੀ ਸੀ।

**24 ਅਗਸਤ**–ਆਸਾ ਦੀ ਵਾਰ ਦੇ ਕੀਰਤਨ ਵਿਚ ਹਜ਼ੂਰੀ ਰਾਗੀ ਬਲਵੰਤ ਸਿੰਘ ਦਾ ਮੁਖ ਸੁਰ ਸੀ ਤੇ ਹਰਪ੍ਰੀਤ ਸਿੰਘ (ਸੋਨੂੰ) ਦੀ ਤਬਲੇ ਤੇ ਥਾਪ। ਮੱਤ ਕਹਿੰਦੇ ਕਹਾਉਂਦੇ ਪੰਡਤਾਂ ਲਈ ਵੀ ਸੀ–

***– ਪਡੀਆ ਕਵਨ ਕੁਮਤਿ ਤੁਮ ਲਾਗੇ।।***

***ਬੂਡਹੁਗੇ ਪਰਵਾਰ ਸਕਲ ਸਿਉ***
***ਰਾਮੁ ਨ ਜਪਹੁ ਅਭਾਗੇ।।***

ਗੁਰਦੁਆਰੇ ਦਾ ਫੁੱਲਾਂ ਰਾਹੀਂ ਸ਼ਿੰਗਾਰ ਅੰਦਰ ਜਾਂਦਿਆਂ ਹੀ ਭਾਸਦਾ ਸੀ, ਪੌੜੀਆਂ ਵੀ ਇਹ ਸਤਿਗੁਰੂ ਜੀ ਦੇ ਆਸਣ ਤੱਕ ਸੀ। ਜਿਥੇ ਸੰਗਤ ਆਪ ਜੀ ਨੂੰ ਨਤਮਸਤਕ ਹੋ ਰਹੀ ਸੀ ਕਿਉਂਕਿ–

***– ਪ੍ਰਭੁ ਦੇਖਦਿਆਂ ਦੁਖ ਭੁਖ ਗਈ।।***

ਵਾਰ ਉਪਰੰਤ ਸੰਗਤ ਦੀ ਜਨਰਲ ਸਕੱਤਰ ਦਲਜੀਤ ਕੌਰ ਨੇ ਸਤਿਗੁਰੂ ਜੀ, ਮਾਤਾ ਜੀ (ਬੀਬੀ ਜੀ), ਰਾਗੀਆਂ ਲਈ ਹਿਰਦੇ ਚੋਂ ਨਿਕਲੇ ਸੁਆਗਤੀ ਸ਼ਬਦ ਕਹੇ। ਹਰਪਾਲ ਸਿੰਘ ਸੱਗੂ ਨੇ ਅੰਗਰੇਜ਼ੀ ਵਿਚ ਨਾਮ ਸਿਮਰਨ ਦੀ ਮਹਿਮਾ ਦੱਸੀ। ਸਤਿਗੁਰੂ ਜੀ ਨੇ ਨੌਵਜਾਨਾਂ ਨਾਲ ਬਚਨ ਕਰਨ ਲਈ 40 ਸਾਲ ਤੋਂ ਵੱਧ ਉਮਰ ਦਿਆਂ ਨੂੰ ਛੁੱਟੀ ਦਿੱਤੀ।

ਸ਼ਾਮੀ ਦਰਸ਼ਨਾਂ ਦੀ ਝੜੀ ਦੇ ਨਾਲ ਨਾਮ ਸਿਮਰਨ ਦੌਰਾਨ, ਸਤਿਗੁਰੂ ਜਗਜੀਤ ਸਿੰਘ ਜੀ ਦਾ ਰਿਕਾਰਡ ਕੀਤਾ ਉਪਦੇਸ਼ ਸਰਵਣ ਕੀਤਾ ਕਿ ਹਰ ਚੀਜ਼ ਆਪਣਾ ਚੰਗਾ ਜਾਂ ਮਾੜਾ ਪ੍ਰਭਾਵ ਛੱਡਦੀ ਹੈ, ਤਸਵੀਰ ਵੀ। ਆਪ ਜੀ ਨੇ ਜਪਾਨ ਦੀ ਯੂਨੀਵਰਸਿਟੀ ਵਿੱਚ, ਗੁਰਬਾਣੀ ਅਧਾਰ ਸਾਂਝਾ ਧਰਮ ਦੱਸਿਆ :

***– ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ।।***

ਬੱਚਿਆਂ ਨੇ ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਕੁਝ ਜਾਣਕਾਰੀ ਦੇਣ ਪਿਛੋਂ ਮਿੱਠੀਆਂ ਧੁਨਾਂ ਵਿੱਚ ਕੀਰਤਨ ਕੀਤਾ। ਉਹਨਾਂ ਨੂੰ ਤਿਆਰੀ ਸਰਬਜੀਤ ਕੌਰ ਨੇ ਕਰਵਾਈ ਸੀ।। ਭਾਰਤੀ ਹਾਈ ਕਮਿਸ਼ਨਰ ਵਲੋਂ ਸਤਿਗੁਰੂ ਜੀ ਦੇ ਸੁਆਗਤ ਸਤਿਕਾਰ ਵਜੋਂ ਸ. ਗਿਆਨ ਸਿੰਘ ਭੇਜੇ ਗਏ ਸਨ। ਉਹ ਆਸ਼ੀਰਵਾਦ ਲੈ ਕੇ ਗਏ। ਫਿਰ ਹਜ਼ੂਰੀ ਵਿਚ ਬਲਵੰਤ ਸਿੰਘ ਤੇ ਸਾਥੀਆਂ ਨੇ ਸਤਿਗੁਰੂ ਜੀ ਦੀ ਮਹਿਮਾ ਗਾਈ :

***ਭਲੇ ਅਮਰਦਾਸ ਗੁਣ ਤੇਰੇ***
***ਤੇਰੀ ਉਪਮਾ ਤੋਹਿ ਬਨਿ ਆਵੈ।।***

ਉਹਨਾਂ ਦਰਸ਼ਨਾਂ ਦੀ ਝੜੀ ਨੂੰ ਮੂਰਤੀਮਾਨ ਕਰਦਿਆਂ ਗਾਇਆ :

***ਬਰਸ ਘਨਾ ਪਿਰ ਘਰ ਆਇਆ।।***

ਸ੍ਰੀ ਸਤਿਗੁਰੂ ਜੀ ਨੇ ਸੰਗਤ ਨੂੰ ਡਾ. ਯਾਦਵਿੰਦਰ ਸਿੰਘ ਦਾ ਲਾਹਾ ਲੈਣ ਲਈ ਕਿਹਾ, "ਗੁਰਬਾਣੀ ਤੇ ਪੰਜਾਬੀ ਸਮਝਣ ਲਈ ਯਾਦਵਿੰਦਰ ਸਿੰਘ ਤੋਂ ਪੜੋ, ਉਹ ਕੁਝ ਦਿਨ ਹੋਰ ਏਥੇ ਹੈ।

ਇਥੇ ਹੀ ਬਲਵੰਤ ਸਿੰਘ ਕੀਰਤਨੀਆ ਸੀ ਪਰ ਦੁਪਹਿਰੇ ਹੋ ਚੁਕੀ ਸਭਾ ਵਿਚ ਉਹ

**(ਬਾਕੀ ਸਫਾ 4 'ਤੇ)**

# ਸਾਲਾਨਾ ਜਪ ਪ੍ਰਯੋਗ ਆਰੰਭ...ਬਾਕੀ ਸਫਾ 1 ਦੀ)

ਰਾਮਸਰ ਦੀਆਂ ਸੜਕਾਂ ਸਾਧ ਸੰਗਤ ਨਾਲ ਭਰਪੂਰ ਸਨ। ਮੱਥਾ ਟੇਕਣ ਵਾਲਿਆਂ ਦੀਆਂ ਕਤਾਰਾਂ ਟੁੱਟ ਨਹੀਂ ਰਹੀਆਂ ਸਨ। ਹਰ ਇਕ ਦੇ ਮਨ ਵਿਚ ਇਹ ਸੀ ਕਿ ਅਰਦਾਸ ਵਿਚ ਸ਼ਾਮਿਲ ਹੋ ਸਕੀਏ। ਅੰਮ੍ਰਿਤ ਵੇਲੇ ਦਾ ਨਜ਼ਾਰਾ ਡਿੱਠਣਯੋਗ ਸੀ। ਦੇਵਤੇ ਵੀ ਇਸ ਸਮੇਂ ਨੂੰ ਲੋਚਦੇ ਹਨ। ਸਾਧ ਸੰਗਤ ਆਪੋ ਆਪਣੇ ਆਸਣਾਂ ਤੇ ਬੈਠ ਕੇ ਹੱਥ ਵਿਚ ਮਾਲਾ ਫੜ ਕੇ ਨਾਮ ਸਿਮਰਨ ਵਿਚ ਲੀਨ ਸੀ। ਠੀਕ 4 ਵਜੇ ਆਸਾ ਦੀ ਵਾਰ ਦਾ ਕੀਰਤਨ ਸੰਤ ਹਰਬੰਸ ਸਿੰਘ ਘੁੱਲਾ ਨੇ ਆਰੰਭ ਕੀਤਾ। ਇਹ ਸਾਰਾ ਪ੍ਰੋਗਰਾਮ ਲਾਈਵ ਵਿਖਾਇਆ ਜਾ ਰਿਹਾ ਸੀ। ਅੱਜ ਅੱਸੂ ਦੇ ਮਹੀਨੇ ਦੀ ਸੰਗਰਾਂਦ ਸੀ। ਅੱਸੂ ਦੇ ਮਹੀਨੇ ਨੂੰ ਰਾਗੀ ਸਿੰਘਾਂ ਨੇ ਰਾਗ ਵਿਚ ਪੜ੍ਹ ਕੇ ਸੁਣਾਇਆ। ਸ੍ਰੀ ਸਤਿਗੁਰੂ ਜੀ ਨੇ, ਸਾਧ ਸੰਗਤ ਨੇ ਚੰਡੀ ਦੀ ਵਾਰ ਦਾ ਪਾਠ ਕੀਤਾ। ਠੀਕ 6.10 ਵਜੇ ਵਾਰ ਦੀ ਸਮਾਪਤੀ ਹੋਈ। ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਸਾਰਾ ਮਹੀਨਾ 8 ਘੰਟੇ ਨਾਮ ਸਿਮਰਨ, ਗੁਰਬਾਣੀ ਦਾ ਪ੍ਰਵਾਹ ਚਲਦਾ ਰਹੇਗਾ। ਸਾਧ ਸੰਗਤ ਦਾ ਠਾਠਾ ਮਾਰਦਾ ਇਕਠ ਇਸ ਸਮੇਂ ਦਾ ਭਰਪੂਰ ਅਨੰਦ ਲਵੇਗਾ। ਦੁਪਹਿਰ ਵੇਲੇ 12 ਵਜੇ ਅਰਦਾਸ ਆਰੰਭ ਹੋਵੇਗੀ ਤੇ ਸ਼ਾਮ ਨੂੰ ਜੋਟੀਆਂ ਦੇ ਸ਼ਬਦ ਪੜ੍ਹੇ ਜਾਣਗੇ। ਇਸ ਮਹਾਨ ਜਪ ਪਯੋ੍ਗ ਵਿਚ ਬਾਲ ਬੱਚੇ, ਬਿਰਧ, ਨੌਜਵਾਨ ਸਭ ਖੁਸ਼ੀ ਖੁਸ਼ੀ ਨਾਲ ਨਾਮ ਸਿਮਰਨ ਵਿੱਚ ਹਿੱਸਾ ਲੈ ਰਹੇ ਹਨ। ਗੁਰੂ ਕਾ ਲੰਗਰ ਅਤੁਟ ਵਰਤਦਾ ਰਹੇਗਾ।



ਸ੍ਰੀ ਭੈਣੀ ਸਾਹਿਬ ਵਿਖੇ ਜਪ ਪ੍ਰਯੋਗ ਵਿਚ ਹਿੱਸਾ ਲੈਂਦੀ ਸਾਧ ਸੰਗਤ।

ਜਪ ਪ੍ਰਯੋਗ ਵਿਚ ਸ਼ਾਮਿਲ ਹੋਣ ਲਈ ਸਾਧ ਸੰਗਤ ਵਿਚ ਬਹੁਤ ਉਤਸ਼ਾਹ ਸੀ। ਕੁਝ ਸੰਗਤ ਚਲੀ ਗਈ ਹੈ। ਬਾਕੀ ਹੋਰ ਸੰਗਤ ਆ ਰਹੀ ਹੈ। ਪਹਿਲੇ ਦਿਨ ਦੀ ਗਿਣਤੀ ਸੀ–

**3 ਵਜੇ ਸਿੰਘ = 2860**
**ਬੀਬੀਆਂ = 3285**
**ਟੋਟਲ = 6145**
**4 ਵਜੇ ਸਿੰਘ = 3085**
**ਬੀਬੀਆਂ = 3720**
**ਟੋਟਲ = 6805**

ਸ੍ਰੀ ਸਤਿਗੁਰੂ ਜੀ ਕਿਰਪਾ ਕਰਨ ਸਾਧ ਸੰਗਤ ਨੂੰ ਅੰਮ੍ਰਿਤ ਵੇਲੇ ਉਠਣ ਦਾ ਬਲ ਬਖਸ਼ਣ ਤੇ ਨਾਮ ਸਿਮਰਨ ਕਰਨ ਦੀ ਹਿੰਮਤ ਬਖਸ਼ਣ, ਸਾਡੀ ਸਾਰਿਆਂ ਦੀ ਸਤਿਗੁਰੂ ਜੀ ਦੇ ਚਰਨਾਂ ਤੇ ਪ੍ਰੀਤ ਤੇ ਪਰਤੀਤ ਬਣੀ ਰਹੇ, ਅਸੀਂ ਉਹਨਾਂ ਦੇ ਹੁਕਮਾਂ ਤੇ ਚਲ ਸਕੀਏ।

**–ਗੁਰਦੇਵ ਸਿੰਘ ਚੀਮਾਂ**
*ਸਕੱਤਰ ਵਿਸ਼ਵ ਨਾਮਧਾਰੀ*
*ਵਿਦਿਅਕ ਜਥਾ*
*ਸ੍ਰੀ ਭੈਣੀ ਸਾਹਿਬ*

# ਪ੍ਰਵਚਨ
# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

## ਨਾਮ ਜਪਣ ਤੋਂ ਰਸਨਾ ਵਿਹਲੀ ਨਾ ਰਵ੍ਹੇ

ਅੰਮ੍ਰਿਤ ਵੇਲੇ ਦਾ ਉਠਣਾ, ਬਹੁਤ ਘਟ ਗਿਐ ਸਾਡੇ ਵਿਚੋਂ, ਇਹ ਦੁਬਾਰਾ ਚਾਲੂ ਕਰੋ। ਸਾਡਾ ਨਾਂ 'ਨਾਮਧਾਰੀ' ਸਤਿਗੁਰਾਂ ਨੇ ਰਖਿਐ। ਮੇਰਾ ਨਹੀਂ ਖਿਆਲ ਕਿ ਜਿੰਨੇ ਅਸੀਂ ਏਥੇ ਬੈਠੇ ਹਾਂ, ਉਹਨਾਂ ਵਿਚੋਂ ਸਾਰਾ ਦਿਨ ਕੋਈ ਨਾਮ ਜਪਦਾ ਹੋਵੇ। ਇਕ ਘੰਟਾ ਨਾਮ ਜਪਣ ਨੂੰ ਵੀ ਜੀਅ ਨਹੀਂ ਕਰਦਾ। ਇਕ-ਇਕ ਘੰਟਾ ਨਾਮ ਸਿਮਰਨ ਹਰ ਜੀਅ ਪ੍ਰਤੀ ਪੱਕਾ ਕਰੋ ਸਾਰੇ ਜਣੇ। ਜਿਸ ਵੇਲੇ ਤੁਸੀਂ ਖਰਾਦ ਦਾ ਕੰਮ ਕਰਦੇ ਹੋ, ਦੁਕਾਨ ਵਿਚ ਵਿਹਲੇ ਬੈਠੇ ਹੁੰਦੇ ਹੋ, ਕਾਰ ਵਿਚ ਜਾਂਦੇ ਹੋ, ਸਾਈਕਲ ਤੇ ਜਾਂਦੇ ਹੋ, ਪੈਦਲ ਜਾਂਦੇ ਹੋ, ਉਸ ਵੇਲੇ ਵੀ ਨਾਮ ਜਪਿਆ ਕਰੋ, ਰਸਨਾ ਹਿਲਾ ਕੇ, ਰਸਨਾ ਕਿਸੇ ਵੇਲੇ ਵੀ ਵਿਹਲੀ ਨਾ ਰਵ੍ਹੇ।

❖❖❖

## ਤਗੜੇ ਹੋ ਕੇ ਨਾਮ ਸਿਮਰਨ ਕਰੋ

ਇਕ ਦੂਜੇ ਨੂੰ ਚੇਤਾ ਕਰਾ ਦਿਆ ਕਰੋ, ਜਿਸ ਤਰ੍ਹਾਂ ਤੁਸੀਂ ਯਾਦ ਕਰਾਉਂਦੇ ਹੋ- ਤੂੰ ਰੋਟੀ ਕਿਥੋਂ ਖਾਣੀ ਹੈ, ਕੰਮ ਤੇ ਤਾਂ ਜਾਂਦਾ ਨਹੀਂ। ਇਹ ਵੀ ਇਕ ਦੂਜੇ ਨੂੰ ਯਾਦ ਕਰਾਇਆ ਕਰੋ ਕਿ ਨਾਮ ਜਪੋ। ਤਗੜੇ ਹੋ ਕੇ ਨਾਮ ਸਿਮਰਨ ਕਰਿਆ ਕਰੋ।



# ਗੁਰ ਉਪਦੇਸ਼
# ਸ੍ਰੀ ਸਤਿਗੁਰੂ ਉਦੈ ਸਿੰਘ ਜੀ

## ਆਪਣੀਆਂ ਸਾਰੀਆਂ ਚਿੰਤਾਵਾਂ, ਈਰਖਾ ਛੱਡ ਕੇ ਨਾਮ ਜਪਿਆ ਕਰੋ



ਪਰਮ ਸਤਿਕਾਰਯੋਗ ਸਾਧ ਸੰਗਤ ਜੀ ਮਨ ਬਿਰਤੀ ਇਕਾਗਰ ਕਰਨ ਲਈ ਸਾਰੇ ਗੱਜ ਕੇ ਆਖੋ ਧੰਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ। ਆਓ ਇਕ ਵਾਰੀ ਉਸ ਮਹਾਨ ਸਤਿਗੁਰੂ ਜੀ ਨੂੰ ਵੀ ਯਾਦ ਕਰੀਏ ਜਿਨ੍ਹਾਂ ਸਾਨੂੰ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਜੀ ਦੀ ਯਾਦ ਦ੍ਰਿੜ ਕਰਵਾਈ, ਸਾਰੇ ਬੜੇ ਪਿਆਰ ਨਾਲ ਆਖੀਏ ਧੰਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ।

ਮੈਂ ਖਾਸ ਕਰਕੇ ਨਾਮ ਦੀ ਗਲ ਕਰਦਾ ਹਾਂ, ਇਹ ਪ੍ਰਯੋਗਾਂ ਦੇ ਦਿਨ ਹਨ। ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਨੇ ਕਿਰਪਾ ਕੀਤੀ ਸਾਨੂੰ ਨਾਮ ਨਾਲ ਜੋੜਿਆ ਹੈ, ਸਾਨੂੰ ਦ੍ਰਿੜ ਕਰਵਾਇਆ। ਮੇਰੀ ਸਾਰੀ ਸੰਗਤ ਅਗੇ ਅਰਜ਼ ਬੇਨਤੀ ਹੈ ਸਾਰੇ ਇਥੇ ਤੜਕੇ ਉੱਠ ਕੇ ਆਇਆ ਕਰੋ, ਆਕੇ ਆਪਣੀਆਂ ਸਾਰੀਆਂ ਚਿੰਤਾਵਾਂ ਈਰਖਾ ਛੱਡ ਕੇ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਦੇ ਚਰਨਾਂ ਨਾਲ ਅਤੇ ਨਾਮ ਨਾਲ ਜੁੜ ਕੇ ਇਕਾਗਰ ਚਿਤ ਹੋ ਕੇ ਨਾਮ ਜਪਿਆ ਕਰੋ ਤਾਂਕਿ ਅਸੀਂ ਜਿੱਥੇ ਵੀ ਜਾਣਾ ਹੈ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਵਿਚ ਸੁਰਖ਼ਰੂ ਹੋ ਕੇ ਜਾਈਏ। ਇਨ੍ਹੀ ਅਰਜ਼ ਬੇਨਤੀ ਕਰਕੇ ਮੈਂ ਖਿਮਾ ਦਾ ਜਾਚਕ ਹਾਂ। ❖❖❖



Ragi Harbans Singh and his team performing the kirtan of Asa Di Var in the Holy presence of Sri Satguru Uday Singh Ji at 16.9.2016 in Partap Mandir Sri Bhaini Sahib

## JAP PRAYOG FOR ENHANCEMENT OF SPIRITUAL POWER

To enhance the spiritual power, *Naam Simran* and meditation are stressed in *Maryada*. Towards which *Jap Prayog* is organised for a month every year. By postponing all tours and staying at the same place for the whole month, Sri Satguru Ji preaches the way to do *Naam Simran*. To preach this meditation, way of living, he organised the Hola of 1985 in Daraslam (Tanzania). That's why the Sikhs of nearby countries, who could not afford to come to India often, got a chance to participate in it; and local Sikhs got a chance to express their ability towards *sewa* and service and to the management.

In 1986, not only for a month rather Sri Satguru Ji organised *Jap Prayog* for the entire year. In which thousands of Sikhs did meditation (*Simran*) for hundreds of thousands of hours with the *Rahit Maryada* of righteousness and virtuousness, purity and cleanliness. Scripture reading and flow of religious discourses were continuied as per programme schedules. Such exercise was meant for improvising corrections and meanings of the text. For some seasons Sri Satguru Partap Singh Ji arranged 600,000 Path -reading of Sri Adi Granth Sahib. As per wishes of Sri Satguru Jagjit Singh Ji, 1,25,000 Paths and their ceremonial closing were done by the *sangat* twice and started afresh. Satguru Uday Singh Ji present His Holiness of Namdhari Singh is continuning the process of completing the paths of Sri Adi Grandth Sahib Ji vigorously **-Tara singh Anjan**

## BENEFITS OF DRINKING WATER

### Drinking Water At the Correct Time Maximises its Effectiveness On The Human Body

- 2 Glasses of Water After Waking Up - Helps Activate Internal Organs
- 1 Glass of Water 30 Min Before a Meal- Helps Digestion
- 1 Glass of Water before taking Bath/Shower-helps lower Blood Pressure
- 1 Glass of Water before going to Bed-Avoids Stroke or Heart Attack

Drinking a healthy amount of water is vital to your health. You can never imagine just by drinking a healthy amount of water, you gain tremendous health benefits, and sometimes you can even throw away your migraine medicine or pain killer.

Before you can appreciate the benefits of water to your health, let's review the role of water in human body.

The human body is anywhere from 55% to 78% water depending on body size. A rule of thumb, 2/3 of body consists of water, and it is the main component of human body. Did you know that your tissues and organs are mainly made up of water?

Muscle consists of 75% water, Brain consists of 90% of water

Bone consists of 22% of water, Blood consists of 83% water

The functions of water in human body are vital.

The water ---Transports nutrients and oxygen into cells, Moisturizes the air in lungs

Helps with metabolism, Protects our vital organ, Helps our organs to absorb nutrients better, Regulates body temperature, Detoxifies, Protects and moisturizes our joints

Every cell in your body needs water from head to toe. That is why it is so important to drink enough fluid. Take for example, brain consists of 90% of water, if you do not supply enough water to your body, your brain cannot function well, and you will get headache or migraine.

**Hence, next time, if you feel fatigue and headache, it may be the sign of dehydration.**

**-JSH**

SATJUG
ESTABLISHED IN 1920

### DISCOURSES
### SRI SATGURU JAGJIT SINGH JI

## MEDITATING ON NAAM



**When people start meditation, one of the questions they often have is that they are unable to concentrate. This is heartening because the most difficult step of beginning to meditate has been taken, and only once a person is meditating do they think about concentration. This sense of realisation does not occur to us whilst watching a movie or when indulging in gossip or slander. It is only when we step on this path of *naam simran*, do we begin thinking about our shortcomings; just as someone can only be treated when they acknowledge they have an illness. Therefore, those who meditate should not lose faith even if initially they feel they are unable to concentrate.**

## PRANAYAMA - THE ART OF CONTROLLED BREATHING

*"When the Breath deviates the mind deviates,*
*But when the Breath is still, so is the mind still."*

**BREATHING IS LIFE-** It is one of our most essential functions. One of the ingredients of Pranayama is breathing Exercise which promotes proper breathing. Proper breathing is to bring more oxygen to the blood and to the brain, and to control the essential life energy. This is considered as the highest form of purification and self discipline, covering both mind and body.

In respiration process, we inhale oxygen into our body, going through our body systems in a form of energy to energise our different body parts. Then we exhale carbon dioxide and take away all toxic wastes from our body. Pranayama, helps us to attain the balance of oxygen and carbon dioxide, inhaling/exhaling through the breath control linking our body mind, and spirit.

Life is full of stress. Because of the daily work pressures, we tend to ignore our breathing. Thus, it tends to be fast and shallow. The use of only a fraction of your lungs results in lack of oxygen and leads to different complications. Heart diseases, sleep, disorders and fatigue are some of the effects of oxygen starvation. Therefore, the negative energy of being restless and troublesome leads to lesser prana inside the body. Through practicing deep and systematic breathing through Pranayama we reenergize our body.

With the proper way of breathing, one's metabolism and health condition start to improve Pranayama develops our concentration and focus. It fights away stress and relaxes the body. Controlling one's breating also results to serenity and peace of mind.

Pranayama offers a better self-control. through concentration, one can better handle temper and reactions. Mind can functions clearly, avoiding arguments and wrong decisions. Moreover, self-control also involves control over one's physical body.

Pranayama leads to spiritual journey through a healthy body and relaxed mind. **-JSH**

# ਯੂ. ਕੇ. ਵਿਚ ਦਰਸ਼ਨਾਂ ਦੀ ਝੜੀ ਲੱਗੀ...(ਬਾਕੀ ਸਫਾ 4 ਦੀ)



ਯੂ. ਕੇ. ਦੌਰੇ ਸਮੇਂ ਸ੍ਰੀ ਸਤਿਗੁਰੂ ਜੀ ਨੌਜਵਾਨ ਬੱਚੇ ਬੱਚੀਆਂ ਨੂੰ ਅਸ਼ੀਰਵਾਦ ਬਖਸ਼ਦੇ ਹੋਏ।

**ਸਾਦਗੀ ਨਾ ਘਟਾਇਓ। ਕਿਸੇ ਸਮਾਜਿਕ ਪ੍ਰੈਸਰ (ਦਬਾਅ) ਥਲੇ ਨਾ ਆਓ।''**

ਮੈਨੂੰ ਹਰਜਿੰਦਰ ਸਿੰਘ ਕਮਲ ਹੁਰੀਂ ਮਿਲੇ ਤੇ ਕਿਹਾ, ਵੇਖਿਆ, "ਸਤਿਗੁਰੂ ਜੀ ਕਿੰਨਾ ਸੰਖੇਪ ਤੇ To the Point ਢੁਕਵਾਂ ਬੋਲੇ।"

ਅੱਜ 12 ਵਜੇ ਸੁਰਜੀਤ ਸਿੰਘ ਸੁਰਧਰ ਘਰ ਸਤਿਗੁਰੂ ਜੀ ਨੇ 40 ਸਾਲ ਤੱਕ ਦੇ ਵਿਅਕਤੀਆਂ ਨੂੰ ਯਾਦ ਕੀਤਾ ਸੀ। ਆਇਰਲੈਂਡ ਤੋਂ ਆਏ ਗੁਰਮੁਖ ਸਿੰਘ ਨਿਓਤੇ ਨੇ ਮਾਪਿਆਂ ਨਾਲ ਇਕ ਸਮਾਗਮ ਵਿਚ ਜਾਣਾ ਸੀ ਪਰਵਾਰਕ, ਪਰ ਉਸ ਨੇ ਓਧਰ ਜਾਣਾ ਤਿਆਗ ਕੇ, ਬੱਚਿਆਂ ਸਮੇਤ ਸਤਿਗੁਰੂ ਜੀ ਦਾ ਬਚਨ ਮੰਨਿਆ। ਸਤਿਗੁਰੂ ਜੀ ਨੇ ਪੰਥਕ ਉੱਨਤੀ ਤੇ ਉਚੇ ਸੁੱਚੇ ਜੀਵਨ ਲਈ ਨੌਜਵਾਨਾਂ ਨੂੰ ਸੇਧ ਦਿਤੀ ਤੇ ਉਤਸਾਹਿਤ ਕੀਤਾ।

ਸਤਿਗੁਰੂ ਜੀ ਨੇ ਸਥਾਨਕ ਪ੍ਰਬੰਧਕ ਕਮੇਟੀ ਨੂੰ ਵੀ ਸੇਧ ਦਿੱਤੀ।

ਸ਼ਾਮ ਨੂੰ ਨਿਤਨੇਮ ਸਮੇਂ ਡਾ. ਯਾਦਵਿੰਦਰ ਸਿੰਘ ਨੇ ਆਪਣੀ ਕਥਾ ਵਿਚ ਸਤਿ-ਸੰਤੋਖ ਬੀਚਾਰ ਤੱਕ ਸੀਮਿਤ ਵਿਚਾਰ ਪੇਸ਼ ਕੀਤੇ। ਉਹਨਾਂ ਕਦਰਾਂ ਕੀਮਤਾਂ ਦੇ ਪ੍ਰਤੀਕ ਇਹਨਾਂ ਸ਼ਬਦਾਂ ਨੂੰ ਬੜੇ ਸਹਿਜ ਤੇ ਸਰਲ ਤਰੀਕੇ ਨਾਲ ਸੰਗਤਾਂ ਨਾਲ ਸਾਂਝਾ ਕੀਤਾ। ਉਹਨਾਂ 'ਥਾਲ' ਦੀ ਵਿਆਖਿਆ ਕੀਤੀ ਪ੍ਰਮਾਣ ਦੇ ਕੇ।

ਉਭਰਦੇ ਕਲਾਕਾਰਾਂ ਨੇ ਕਵਿਤਾਵਾਂ ਪੇਸ਼ ਕੀਤੀਆਂ। ਫਿਰ ਰਾਗੀ ਬਲਵੰਤ ਸਿੰਘ ਤੇ ਸਾਥੀਆਂ ਨੇ ਨਿਹਾਲ ਕੀਤਾ। ਉਹ :

***-ਮੇਰੀ ਪ੍ਰੀਤਿ ਗੋਬਿੰਦ ਸਿਉ ਜਿਨਿ ਘਟੈ।।***

ਕਹਿੰਦਿਆਂ

***-ਬਿਸਰਿ ਗਈ ਸਭ ਤਾਤਿ ਪਰਾਈ॥***

ਵਲ ਵਧੇ।

ਨੌਜਵਾਨਾਂ ਸਤਿਗੁਰੂ ਜੀ ਨੂੰ ਆਪਣੇ ਪ੍ਰੋਜੈਕਟ 200 ਬਾਰੇ ਦੱਸਿਆ। ਇਸ ਵਿਚ ਗੁਰੂ ਰਾਮ ਸਿੰਘ ਜੀ ਦੇ ਇਤਿਹਾਸ ਤੇ ਕੰਮ ਹੋ ਰਿਹਾ ਹੈ। ਨੌਜਵਾਨ ਤੇ ਮਟਿਆਰਾਂ ਇਸ ਨਾਲ ਜੁੜ ਗਏ ਹਨ। ਮੀਡੀਆ ਤੇ ਪੇਸ਼ ਕਰਨਗੇ।

ਨਿਰੰਕਾਰੀ ਆਗੂ ਹਰਿੰਦਰ ਉਪਾਸ਼ਕ ਨੇ ਸਤਿਗੁਰੂ ਜੀ ਦੀ ਮਹਿਮਾ ਕਰਦਿਆਂ ਦੱਸਿਆ, ਜੈਸਾ ਸੁਣਿਆ ਸੀ ਤੈਸਾ ਹੀ ਵੇਖਿਆ ਹੈ। ਉਹੀ ਕਿਰਪਾ ਕਰਨ ਡੋਲਣ ਤੋਂ ਰੱਖਣ। ਗੁਰੂ ਨਾਲ ਗੁਰੂ ਹੁੰਦਾ ਹੈ। ਸਾਡਾ ਅਕੀਦਾ ਬਣਿਆ ਰਹੇ।

ਮਹਾਰਾਜ ਹਰਦੇਵ ਸਿੰਘ ਦੀ ਦੁਰਘਟਨਾ ਘਟੀ, ਆਪ ਦਾ ਹੱਥ ਨਿਰੰਕਾਰੀ ਸੰਗਤ ਤੇ ਵੀ ਰਹੇ। ਆਪ ਜੀ ਨੇ ਮਾਤਾ ਜੀ ਨੂੰ ਦਰਸ਼ਨ ਦਿੱਤੇ (ਬਾਬਾ ਹਰਦੇਵ ਸਿੰਘ ਦੀ ਸੁਪਤਨੀ ਨਿਰੰਕਾਰੀ ਮੰਡਲ ਰਹਿਬਰ) ਆਪ ਦਾ ਲੱਖ ਲੱਖ ਸ਼ੁਕਰ ਹੈ। ਜਦ ਸਮਾਂ ਮਿਲੇ ਯੂ. ਕੇ. ਦਰਸ਼ਨ ਦਿਓ। ਸਾਡੇ ਤਫਰਕੇ ਮਿਟਣ ਘਰਾਂ ਦੇ, ਭਰਾਵਾਂ ਦੇ।

**ਸਤਿਗੁਰੂ ਜੀ ਦਾ ਪ੍ਰਵਚਨ-**

ਆਪ ਨੇ ਬਚਨ ਕੀਤਾ, **"ਸਤਿਗੁਰੂ ਜਗਜੀਤ ਸਿੰਘ ਜੀ ਨੇ ਗੁਰੂ ਨਾਨਕ ਦੀ ਸਿਖੀ ਨਾਲ ਜੋੜਿਆ, ਪਹਿਲਾਂ ਜਦ ਸਿੱਖਾਂ ਵਿਚ ਵਿਤਕਰੇ ਪਏ ਤਾਂ ਸਤਿਗੁਰੂ ਪ੍ਰਤਾਪ ਸਿੰਘ ਨੇ ਗੁਰੂ ਨਾਨਕ ਸਰਬ ਸੰਪ੍ਰਦਾਇ ਕਾਨਫਰੰਸ ਕੀਤੀ 1934 ਵਿੱਚ। ਉਸ ਵਿੱਚ ਦਸਾਂ ਪਾਤਸ਼ਾਹੀਆਂ ਦਾ ਅਰਦਾਸਾ ਕਰਨਾ ਪ੍ਰਵਾਨ ਕੀਤਾ।**

**ਸਾਡੇ ਸਕੂਲ ਕਾਲਜ, ਯੂਨੀਵਰਸਿਟੀਆਂ ਸਲੇਬਸ ਵਖਰੇ ਵਖਰੇ ਪਰ ਨਿਸ਼ਾਨਾ ਇਕੋ ਇਕ ਥਾਂ ਪਹੁੰਚਣ ਦਾ ਹੈ। ਭਾਵੇਂ ਨਿਰੰਕਾਰੀ ਜਾਂ ਰਾਧਾ ਸੁਆਮੀ ਹੋਵੇ। ਸਤਿਗੁਰੂ ਜੀ ਨੇ ਨਾਮ ਜਪਿਆ, ਜਪਾਇਆ। ਫਰਕ ਕਿਉਂ ਰਖੀਏ।**

**ਸੰਗਤ ਵਿਚ ਸਣੇ ਕੇਸੀਂ ਇਸ਼ਨਾਨ ਘਟੇ ਨਾ, ਗੁਰੂ ਮਰਯਾਦਾ ਤੇ ਕਿੰਤੂ ਦੀ, ਕਿਊਂ ਦੀ ਥਾਂ ਨਹੀਂ। ਦਾਨ ਇਕੋ :**

***- ਸੋ ਮੰਗਾ ਦਾਨ ਗੋ ਸਾਈਆਂ***
***ਜਿਤ ਭੁਖ ਲਹਿ ਜਾਏ।।***

**ਉਸ ਦੀ ਰਜ਼ਾ ਵਿਚ ਰਹੀਏ। ਹਰੀ ਦਾ ਨਾਂ ਹਰ ਥਾਂ ਸਹਾਰਾ ਹੁੰਦਾ ਹੈ।** ਸਤਿਗੁਰੂ ਜੀ ਨੇ ਨੌਜਵਾਨਾਂ ਦੇ ਇਕਠੇ ਹੋਣ ਤੇ ਵੀ ਸਾਬਾਸ਼ੀ ਦਿੱਤੀ।

ਉਸ ਤੋਂ ਬਾਅਦ ਸਾਰੇ ਕਲ੍ਹ ਦੇ ਪ੍ਰੋਗਰਾਮ ਦੀ ਉਡੀਕ ਵਿਚ ਘਰ ਮੁੜੇ।

**28 ਅਗਸਤ**-ਅੱਜ ਦਾ ਦਿਨ ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਕੀਰਤਨ ਸਮੇਂ ਗੁਰੂ ਦਰਸ਼ਨ ਨਾਲ ਹੋਇਆ। ਵਾਰ ਗਾਇਕ ਇਕ ਪ੍ਰਸ਼ਨ ਛੱਡ ਰਹੇ ਸਨ : ***ਕਵਨ ਸੰਜੋਗ ਮਿਲਹੁ ਪ੍ਰਭ ਅਪਨੇ।।*** ਕਿਉਂਕਿ ***ਮੇਰਾ ਬਾਪ ਮਾਧਉ ਤੂ।।*** ਤੇ ਉਸ ਨੂੰ ਮਿਲਣ ਵਿਚ ਸੁਖ ਹੈ।

ਵਾਰ ਦੇ ਭੋਗ ਤੋਂ ਬਾਅਦ ਪ੍ਰਧਾਨ ਸੁਲਖਣ ਸਿੰਘ ਨੇ ਕਿਹਾ, "ਸਤਿਗੁਰੂ ਜੀ ਨੇ ਸਮਾਂ ਬਖਸ਼ਿਆ ਹੈ ਅਸਾਂ ਨਾਮ ਸਿਮਰਨ ਤੇ ਗੁਰੂ ਦਰਸ਼ਨ ਦੇ ਸਰੋਵਰ ਵਿੱਚ ਤਾਰੀਆਂ ਲਾਈਆਂ ਹਨ। ਉਹਨਾਂ, ਪ੍ਰਭ ਡੋਰੀ ਹਾਥ ਤੁਮਾਰੇ ਕਹਿੰਦਿਆਂ ਕਿਹਾ ਸਾਡੀ ਕੋਈ ਸਿਆਣਪ ਨਹੀਂ ਆਪ ਨੇ ਹੀ ਕਿਰਪਾ ਕਰਨੀ ਹੈ।" ਤੇ ਸਭ ਵਲੋਂ ਨਮਸਕਾਰ ਕੀਤੀ। ਬਖਸ਼ਸ਼ ਮੰਗੀ।

**ਸਤਿਗੁਰੂ ਜਗਜੀਤ ਸਿੰਘ ਮੈਮੋਰੀਅਲ ਫੁਟਬਾਲ ਟੂਰਨਾਮੈਂਟ-**

ਉਥੋਂ ਸਭ ਫੁਟਬਾਲ ਕਲੱਬ ਗਏ। ਅਜੀਤ ਸਿੰਘ ਵੀ ਆਪਣੇ ਲੜਕੇ ਅਰਜਨ ਨਾਲ ਸਲੋਹ ਤੋਂ ਆ ਗਿਆ ਸੀ। ਫੁਟਬਾਲ ਟੂਰਨਾਮੈਂਟ ਵੱਖਰੀ ਗੱਲ ਸੀ ਐਕਟਿਵਟੀ (ਕਾਰਜ) ਜੋੜਨ ਲਈ। ਕਲਬ ਦਾ ਨਾਂ Sutton Cold Fielh town footbal Club ਸੀ। ਰੌਣਕ ਵਧੀਆ ਸੀ। ਕਈ ਉਮਰ ਦੀਆਂ ਟੀਮਾਂ ਨੇ ਮੈਚ ਖੇਡੇ। ਸਤਿਗੁਰੂ ਜੀ ਨੇ ਇਨਾਮ ਵੰਡਣ ਦੀ ਕਿਰਪਾ ਕੀਤੀ। ਇਸ ਦੇ ਰੂਹੇ ਰਵਾਂ ਕੁਲਦੀਪ ਸਿੰਘ ਉਭੀ ਨਜ਼ਰ ਆ ਰਹੇ ਸਨ।

ਇਥੇ ਹੀ ਗੁਰਮੁਖ ਸਿੰਘ ਨੇ ਯੋਗਾ ਦੀ ਕਲਾਸ ਲਾਈ।

ਇਹ ਸਤਿਗੁਰੂ ਜਗਜੀਤ ਸਿੰਘ ਮੈਮੋਰੀਅਲ ਟੂਰਨਾਮੈਂਟ ਬਰਮਿੰਘਮ ਦੀ ਵਿਸ਼ੇਸ਼ ਪਛਾਣ ਹੈ।

**ਮਾਤਾ ਚੰਦ ਕੌਰ ਯਾਦਗਾਰੀ ਮੇਲਾ-**

**29 ਅਗਸਤ, ਫੁਲਮਰ**-ਭਾਵੇਂ ਇਹ ਪ੍ਰੋਗਰਾਮ ਸਿਆਣ ਪਰਿਵਾਰ ਘਰ ਸੀ ਪਰ ਸਾਊਥਾਲ ਦੀ ਨਾਮਧਾਰੀ ਸਿੱਖ ਸੰਗਤ ਵਲੋਂ, ਖਰਚ, ਖੇਚਲ, ਸੇਵਾ ਸੀ। ਆਸਾ ਦੀ ਵਾਰ ਵਿਚ ਬਲਵੰਤ ਸਿੰਘ ਰਾਗੀ ਸਾਰੀ ਸੰਗਤ ਵਲੋਂ ਹੀ ਕਹਿ ਰਿਹਾ ਹੋਵੇਗਾ :



ਸ੍ਰੀ ਸਤਿਗੁਰੂ ਜੀ ਯੂ. ਕੇ. ਵਿਚ ਦਰਸ਼ਨ ਕਰਨ ਤੋਂ ਅਸਮਰਥ ਸਿੰਘ ਨੂੰ ਦਰਸ਼ਨ ਦਿਦਾਰੇ ਦੇ ਨਿਹਾਲ ਕਰਦੇ ਹੋਏ।

***ਮੋ ਕੋ ਤਾਰ ਲੈ ਰਾਮਾ ਤਾਰ ਲੈ।।***

ਅਰਦਾਸ ਬਾਅਦ ਜਵੰਦ ਸਿੰਘ ਅੰਗਰੇਜ਼ੀ ਰਲੀ ਪੰਜਾਬੀ ਵਿਚ ਗੁਰ ਸਤਿਗੁਰ ਕਾ ਜੋ ਸਿਖ ਅਖਾਏ ਦੀ ਵਿਆਖਿਆ ਕਰ ਗਿਆ। ਉਹ ਨਾਮ ਜਪਣ ਲਈ ਪ੍ਰੇਰ ਗਿਆ।

ਸਤਿਗੁਰੂ ਜੀ ਨੇ ਉਸੇ ਨੂੰ ਆਧਾਰ ਬਣਾ ਕੇ ਅੰਮ੍ਰਿਤ ਵੇਲੇ ਉਠ ਕੇ, ਸਣੇ ਕੇਸੀਂ ਇਸ਼ਨਾਨ ਕਰਕੇ, ਨਾਮ ਜਪਣ ਦੀ ਤਾਕੀਦ ਕੀਤੀ। ਦੁਪਹਿਰੇ ਸਤਿਗੁਰੂ ਜੀ ਨੇ ਨੌਜਵਾਨਾਂ ਨਾਲ ਬਲੈਕ ਪਾਰਕ ਵਿਚ ਹਲਕੇ ਫੁਲਕੇ ਉਹਨਾਂ ਦੇ ਸਮਝਾਉਣ ਵਾਲੇ ਬਚਨ ਕਰਕੇ ਪ੍ਰੇਰਿਆ। ਉਹਨਾਂ ਕਮੇਟੀ ਨੂੰ ਵੀ ਨੌਜਵਾਨਾਂ ਲਈ ਪ੍ਰੋਗਰਾਮ ਉਲੀਕਣ ਲਈ ਕਿਹਾ।

ਪਿਛਲੇ ਪਹਿਰ ਦਾ ਪ੍ਰੋਗਰਾਮ ਮਾਤਾ ਚੰਦ ਕੌਰ ਜੀ ਦੀ ਯਾਦ ਵਿਚ ਸੀ। ਸਤਿਗੁਰੂ ਜੀ ਨੇ ਉਹਨਾਂ ਦੇ ਨਾਂ ਦਾ ਦੀਪਕ ਪ੍ਰਜਵਲਤ ਕੀਤਾ। ਰਾਗੀ ਬਲਵੰਤ ਸਿੰਘ ਨੇ, ਐਸੇ ਜਨ ਵਿਰਲੇ ਸੰਸਾਰੇ ਸ਼ਬਦ ਗਾਇਨ ਕੀਤਾ। ਉਸ ਨੇ-

***ਬਲਵੰਡ ਖੀਵੀ ਨੇਕ ਜਨ***
***ਜਿਨ ਬੁਝੀ ਛਾਉ ਪਤਰਾਲੀ।।***

ਕਹਿੰਦਿਆਂ ਲੰਗਰ ਦੌਲਤ, ਘਿਉ ਵਾਲੀ ਖੀਰ ਵਰਤਾਉਣ ਦੀ ਗੱਲ ਕੀਤੀ। ਇਤਿਹਾਸਕ ਪੱਖ ਸੀ ਕਿ ਮਾਤਾਵਾਂ ਕਿਵੇਂ ਸਿਖਾਂ ਨੂੰ ਛਕਾ ਕੇ ਖੁਸ਼ ਹੁੰਦੀਆਂ ਹਨ।

**ਅਰਜਨ ਤਾਰਾ ਸਿੰਘ** ਨੇ, 'ਮਾਤਾ ਜੀ ਦੀ ਅਮਰ ਕਹਾਣੀ ਕਵਿਤਾ ਰਾਹੀਂ ਪ੍ਰਭਾਵ ਛੱਡਿਆ।

**ਗੁਰਸੇਵ ਸਿੰਘ** ਨੇ ਮਾਤਾ ਜੀ ਬਾਰੇ ਦੱਸਿਆ ਕਿ ਉਹ ਪਰਾਏ ਦਾ ਦੁੱਖ ਆਪਣਾ ਸਮਝਦੇ ਸਨ। ਰਾਜਵਿੰਦਰ ਕੌਰ ਦੀ ਕਵਿਤਾ ਮਾਤਾ ਜੀ ਦੀ ਯਾਦ ਨੂੰ ਲੈ ਕੇ ਸੀ- ਯਾਦ ਸਤਾਉਂਦੀ ਸੀਨੇ ਅੱਗ ਲਾਉਂਦੀ ਏ।

**ਗੁਰਦੇਵ ਸਿੰਘ** ਦੇ ਵਿਚਾਰ ਸਤਿਗੁਰੂ ਜਗਜੀਤ ਸਿੰਘ ਤੇ ਮਾਤਾ ਜੀ ਬਾਰੇ ਮਿਲੇ ਜੁਲੇ ਸਨ। ਪੰਜਾਬ ਤੋਂ ਆਏ ਬਾਬਾ ਹਰਜੀਤ ਸਿੰਘ ਨੇ ਨਿਜੀ ਛੋਹਾਂ ਨਾਲ ਮਾਤਾ ਜੀ ਨੂੰ ਯਾਦ ਕੀਤਾ।

ਬੀਬੀਆਂ ਨੇ ਇਕ ਗੀਤ ਗਾ ਕੇ ਰੰਗ ਬੰਨ੍ਹ ਦਿੱਤਾ। ਧੰਨ ਮਾਤਾ ਚੰਦ ਕੌਰ ਜੀ ਜਿਨ ਸੇਵਾ ਸਬਕ ਸਿਖਾਇਆ। ਇਹਨਾਂ ਵਿਚ ਸਭ ਤੋਂ ਵੱਡੀ ਪ੍ਰਭਜੋਤ ਕੌਰ ਚਾਨਾ ਤੇ ਸਭ ਤੋਂ ਛੋਟੀ ਅਤਰ ਕੌਰ ਹੰਸਪਾਲ ਸੀ।

**ਇੰਦਰਜੀਤ ਸਿੰਘ ਘਟਾਉਂੜ** ਨੇ ਸਿਆਣ ਪਰਵਾਰ ਦੇ ਹਵਾਲੇ ਨਾਲ ਮਾਂ ਦੀ ਮਹਾਨਤਾ ਦੱਸਦਿਆਂ ਗੱਲ ਕੀਤੀ। ਉਸ ਕਿਹਾ ਮਾਂ ਦੇ ਚਰਨਾ ਵਿਚ ਜੰਨਤ ਹੈ।

**ਪ੍ਰਧਾਨ ਸੁਲਖਣ ਸਿੰਘ** (ਉਹੀ ਸਾਰੇ ਦਿਨ ਸਤਿਗੁਰੂ ਜੀ ਦੇ ਚੌਰ ਬਰਦਾਰ ਦੀ ਸੇਵਾ ਨਿਭਾਉਂਦੇ ਰਹੇ। ਸਤਿਗੁਰੂ ਜੀ ਦੇ ਦਰਸ਼ਨ ਨਾਲ ਸੰਗਤ ਦੇ ਸੁਆਦ ਸੁਆਦ ਹੋਣ ਨਾਲ, ਮਾਤਾ ਜੀ ਬਾਰੇ ਗਲਾਂ ਕਰਦੇ ਆਪਣੀ ਕਵਿਤਾ ਰਾਹੀਂ ਆਪਣਾ ਪ੍ਰਭਾਵ ਛੱਡਿਆ।

ਸਤਿਗੁਰੂ ਜੀ ਨੇ ਕਿਰਪਾ ਕੀਤੀ, **"ਮਾਤਾ ਜੀ ਦੀ ਉਸਤਤ ਸੁਣੀ। ਪਰ ਜਿਸ ਤਰ੍ਹਾਂ ਭਾਣਾ ਵਰਤਿਆ ਉਸ ਦਾ ਦੁੱਖ ਸਾਨੂੰ ਬਹੁਤ ਹੋਇਆ। ਭਾਵ ਔਖਾ। ਉਹਨਾਂ ਮਾਤਾ ਜੀ ਦੀ ਸੂਝ ਸਿਆਣਪ ਬਾਰੇ ਦੱਸਿਆ। ਹਰ ਕੰਮ ਵਿਚ ਉਹਨਾਂ ਦੇ ਹੱਥ ਲਗੇ ਹਨ। ਉਹਨਾਂ ਸੇਵਾ ਚਾਅ ਨਾਲ ਕੀਤੀ। ਕਦੀ ਵਿਹਲੇ ਨਹੀਂ ਬੈਠੇ। ਹਰ ਬਿਮਾਰ ਦੀ ਮਦਦ ਕੀਤੀ। ਹਿਸਾਬ ਕਿਤਾਬ ਨਹੀਂ ਰੱਖਿਆ ਕਿਤੇ ਹੰਕਾਰ ਨਾ ਹੋ ਜਾਵੇ। ਅਸੀਂ ਉਹਨਾਂ ਦੇ ਗੁਣ ਗ੍ਰਹਿਣ ਕਰੀਏ।"**

ਅੱਜ ਸਮਾਪਤੀ ਸੀ, ਪਰ ਕਲ੍ਹ ਦੀ ਆਸਾ ਦੀ ਵਾਰ ਦਾ ਸਮਾਂ ਹੋਰ ਮਿਲ ਗਿਆ।

**30 ਅਗਸਤ-** ਆਸਾ ਦੀ ਵਾਰ ਸਤਿਗੁਰੂ ਜੀ ਦੇ ਹਜ਼ੂਰੀ ਰਾਗੀ ਲਾਈ ਜੋ ਚੰਗੇ ਅਮਲਾਂ ਲਈ ਪ੍ਰੇਰ ਰਿਹਾ ਸੀ।, ਕਿਉਂਕਿ-

***ਵੇਸੀ ਸਹੁ ਨਾ ਪਾਇਆ***
***ਕਰ ਕਰ ਵੇਸ ਰਹੀ।।***

ਉਂਜ ਤਾਂ ਸਤਿਗੁਰੂ ਜੀ ਆਪਣੇ ਨਿਜੀ ਰੁਝੇਵੇਂ ਭੁਗਤਾ ਕੇ 1 ਸਤੰਬਰ ਨੂੰ ਵਾਪਸ ਗਏ ਪਰ ਸਾਧ ਸੰਗਤ ਦਾ ਪ੍ਰੇਰਨਾ ਸ੍ਰੋਤ ਤਾਂ 30 ਅਗਸਤ ਤੱਕ ਹੀ ਕਿਰਪਾ ਕਰਦਾ ਰਿਹਾ। ਹੁਣ ਫਿਰ ਕਦ ਬਖਸ਼ਸ਼ ਹੋਵੇਗੀ ਮਾਲਕ ਦੀ ਰਜ਼ਾ ਹੈ। ਹਾਂ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੇ ਦਰਸ਼ਨਾਂ ਦੀ ਝੜੀ ਵਿੱਚ ਭਿੱਜੀ ਸਾਧ ਸੰਗਤ ਇਸ ਵਿਚ ਸੁਖ ਅਨੁਭਵ ਕਰਦੀ ਰਹੇਗੀ।

**-ਤਾਰਾ ਸਿੰਘ ਅਨਜਾਣ**



ਯੂ. ਕੇ. ਵਿਖੇ ਮਾਤਾ ਚੰਦ ਕੌਰ ਜੀ ਦੇ ਯਾਦਗਾਰੀ ਮੇਲੇ ਸਮੇਂ ਬੀਬੀਆਂ ਕੀਰਤਨ ਕਰਦੀਆਂ ਹੋਈਆਂ।

# ਸੰਤ ਕਰਮ ਸਿੰਘ ਹਿੰਮਤਪੁਰਾ ਦੀ ਯਾਦ ਵਿਚ 75ਵਾਂ ਜੋੜ ਮੇਲਾ

ਹਿੰਮਤਪੁਰਾ–30 ਅਗਸਤ– 13, 14, 15 ਭਾਦਰੋਂ– ਸ੍ਰੀ ਭੈਣੀ ਸਾਹਿਬ ਤੋਂ 117 ਕਿਲੋਮੀਟਰ ਦੀ ਦੂਰੀ ਤੇ ਵਸਿਆ ਹਿੰਮਤਪੁਰਾ ਇਕ ਇਤਿਹਾਸਕ ਨਗਰੀ ਹੈ। ਇਸ ਨਗਰ ਨੂੰ ਮਿੰਨੀ ਭੈਣੀ ਸਾਹਿਬ ਵੀ ਆਖਿਆ ਜਾਵੇ ਤਾਂ ਕੋਈ ਅਤਿ ਕਥਨੀ ਨਹੀਂ ਹੈ। ਇਸ ਨਗਰ ਵਿਚ ਸਭ ਧਰਮਾਂ ਦੇ ਲੋਕ ਰਹਿੰਦੇ ਹਨ। ਇਥੋਂ ਦੇ ਕਠੀਏ, ਕਹੀਆਂ ਤੇ ਟਾਇਰਾਂ ਵਾਲੇ ਕੁਰਾਹੇ ਬਹੁਤ ਮਸ਼ਹੂਰ ਹਨ। ਟਾਇਰਾਂ ਵਾਲੇ ਕੁਰਾਹੇ ਸੰਤ ਗੁਰਸੇਵਕ ਸਿੰਘ ਹਿੰਮਤਪੁਰੇ ਵਾਲਿਆਂ ਦੀ ਯਾਦ ਹੈ।

ਸੰਤ ਕਰਮ ਸਿੰਘ ਨਾਮਧਾਰੀ ਦਾ ਨਾਮ ਨਾਮਧਾਰੀ ਪੰਥ ਵਿਚ ਬਹੁਤ ਮਸ਼ਹੂਰ ਹੈ। ਉਹਨਾਂ ਨੇ ਸ੍ਰੀ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਉਹਨਾਂ ਨੂੰ ਪੁੱਤਰਾਂ ਦਾ ਖਜ਼ਾਨਾ ਬਖਸ਼ਿਆ ਹੋਇਆ ਸੀ। ਜਿਸ ਕਿਸੇ ਨੂੰ ਪੁੱਤਰ ਦੀ ਜ਼ਰੂਰਤ ਹੁੰਦੀ ਤਾਂ ਉਹ ਸੰਤਾਂ ਕੋਲ ਆ ਕੇ ਅਰਜ਼ ਕਰਦਾ ਸੀ। ਸੰਤਾਂ ਨੇ ਅਨੇਕਾਂ ਹੀ ਪੁੱਤਰਾਂ ਦੀ ਦਾਤ ਵੰਡੀ। ਸੰਤਾਂ ਕੋਲ ਜੋ ਅਰਜ਼ ਕਰਦਾ ਪੁੱਤਰ ਦੀ ਦਾਤ ਬਖਸ਼ੋ – ਹੁਕਮ ਕਰਦੇ ਸੋਨੇ ਦੇ ਗਹਿਣੇ ਲੰਗਰ ਵਿੱਚ ਪਾ ਦਿਉ ਪੁੱਤਰ ਹੋ ਜਾਵੇਗਾ। ਸੰਤਾਂ ਦੀ ਬਿਰਤੀ ਸਿੱਧੀ ਸਤਿਗੁਰਾਂ ਦੇ ਚਰਨਾਂ ਨਾਲ ਜੁੜੀ ਹੁੰਦੀ ਹੈ। ਉਹਨਾਂ ਦਾ ਜੀਵਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਨੂੰ ਸਮਰਪਿਤ ਸੀ। ਸਾਰੀ ਸਾਰੀ ਰਾਤ ਦਿਵਾਨਾਂ ਵਿਚ ਖੜੇ ਰਹਿਣਾ। ਸਵੇਰੇ ਆਸਾ ਦੀ ਵਾਰ ਵਿਚ ਜਦੋਂ ਸਤਿਗੁਰੂ ਜੀ ਨੇ ਦਰਸ਼ਨ ਦੇਣੇ ਤਾਂ ਨੇਤਰਾਂ ਨਾਲ ਨੇਤਰ ਮਿਲ ਜਾਵੇ, ਆਖਣਾ ਸਾਡਾ ਕੰਮ ਹੋ ਗਿਆ ਚਲੋ ਚਲੀਏ।

**ਮੇਲੇ ਦਾ ਆਰੰਭ–** ਹਰ ਸਾਲ ਦੀ ਤਰ੍ਹਾਂ ਮੇਲੇ ਦਾ ਆਰੰਭ 28 ਅਗਸਤ 2016 ਨੂੰ ਹੋਇਆ। ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹੋਇਆ। ਦੁਪਹਿਰ ਵੇਲੇ 2 ਤੋਂ 3 ਵਜੇ ਤਕ ਨਿਤਨੇਮ ਕੀਤਾ ਗਿਆ। ਰਾਤ ਦੇ ਦਿਵਾਨਾਂ ਦੀ ਅਨਾਊਂਸਮੈਂਟ ਕੀਤੀ ਗਈ। ਵਾਰ ਦਾ ਕੀਰਤਨ ਸੰਤ ਸਮਿੰਦਰ ਸਿੰਘ ਸੈਦੋਕੇ ਦੇ ਜਥੇ ਵਲੋਂ ਸੂਬਾ ਗੁਰਮੇਲ ਸਿੰਘ ਦੇ ਸਹਿਯੋਗ ਨਾਲ ਛੈਣੇ ਢੋਲਕੀ ਨਾਲ ਕੀਤਾ ਗਿਆ। ਉਪਰੰਤ ਕਵੀਸ਼ਰ ਜੋਗਾ ਸਿੰਘ ਭੰਗੂਰ, ਮੱਖਣ ਸਿੰਘ ਮੱਲੇ ਕੇ ਤੇ ਦਿਲਬਾਗ ਸਿੰਘ ਤੇ ਸਾਥੀ ਜਥੇ ਵਲਟੋਹਾ ਨੇ ਕਵੀਸ਼ਰੀ ਰਾਹੀਂ ਸੰਤਾਂ ਦੇ ਜੀਵਨ ਤੇ ਚਾਨਣਾ ਪਾਇਆ।

**29 ਅਗਸਤ 2016–** ਅੱਜ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਵਾਰੇ ਦੇ ਰੂਪ ਵਿਚ ਮਾਸਟਰ ਦਰਸਨ ਸਿੰਘ ਤੇ ਜਥੇ ਦਾਰ ਗੁਰਲਾਲ ਸਿੰਘ ਤੇ ਸਾਥੀ ਸਿੰਘਾਂ ਨੇ ਮਿਲ ਕੇ ਗਾਇਨ ਕੀਤਾ। ਉਪਰੰਤ ਹੱਲੇ ਦੇ ਦਿਵਾਨ ਸਜਾਏ ਗਏ। ਅੱਜ ਦੇ ਦਿਵਾਨਾਂ ਵਿਚ ਕਵੀਸ਼ਰ ਪ੍ਰੀਤਮ ਸਿੰਘ ਐਲਨਾਬਾਦ, ਜਥੇਦਾਰ ਸੁਖਵੰਤ ਸਿੰਘ ਮੁਹਾਵਾ, ਕਵੀਸ਼ਰੀ ਜਥਾ ਤਰਨ ਸਿੰਘ ਤੇ ਸਾਥੀ ਜੋਗਾ ਸਿੰਘ ਭੰਗੂਰ, ਦਿਲਬਾਗ ਸਿੰਘ ਤੇ ਗੁਰਸੇਵਕ ਸਿੰਘ ਤੇ ਸਾਥੀ ਸ੍ਰੀ ਭੈਣੀ ਸਾਹਿਬ, ਸੋਮਨਾਥ ਰੋੜਿਆਂ ਵਾਲੇ ਦਾ ਕਵੀਸ਼ਰੀ ਜਥਾ, ਜਥੇਦਾਰ ਕਮਾਲ ਸਿੰਘ ਸ੍ਰੀ ਭੈਣੀ ਸਾਹਿਬ, ਜਥੇਦਾਰ ਜਸਪਾਲ ਸਿੰਘ ਸੰਤ ਨਗਰ ਕਥਾ ਵਾਚਕ ਆਦਿ ਨੇ ਸਾਰਾ ਦਿਨ ਸੰਤਾਂ ਦੇ ਜੀਵਨ ਤੇ ਚਾਨਣਾ ਪਾਇਆ।

**30 ਅਗਸਤ 2016–** ਅੱਜ ਮੇਲੇ ਦਾ ਆਖਰੀ ਦਿਨ ਸੀ। ਆਲੇ ਦੁਆਲੇ ਦੀ ਸਾਧ ਸੰਗਤ ਆਪੋ ਆਪਣੇ ਸਾਧਨਾਂ ਰਾਹੀਂ ਸੰਤਾਂ ਦੇ ਸਥਾਨ ਤੇ ਪਹੁੰਚ ਰਹੀ ਸੀ। ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਢੋਲਕੀ ਛੈਣਿਆਂ ਨਾਲ ਮਾਸਟਰ ਦਰਸਨ ਸਿੰਘ ਤੇ ਜਥੇ ਦਾਰ ਗੁਰਲਾਲ ਸਿੰਘ ਨੇ ਮਿਲਕੇ ਗਾਇਨ ਕੀਤਾ। ਵਾਰ ਦੇ ਭੋਗ ਤੋਂ ਬਾਅਦ ਠੀਕ 8.30 ਵਜੇ ਪੰਡਿਤ ਗੋਪਾਲ ਸਿੰਘ ਦੇ ਸ਼ਗਿਰਦ ਜਥੇਦਾਰ ਜਸਪਾਲ ਸਿੰਘ ਸੰਤ ਨਗਰ ਨੇ ਸੰਤਾਂ ਦੇ ਜੀਵਨ ਤੇ ਭਰਪੂਰ ਚਾਨਣਾ ਪਾਇਆ। ਜਥੇ ਦਾਰ ਸੁਖਵੰਤ ਸਿੰਘ ਮੁਹਾਵਾ, ਜੋਗਾ ਸਿੰਘ ਭੰਗੂਰ, ਕਵੀਸ਼ਰ ਗੁਰਸੇਵਕ ਸਿੰਘ ਨੇ ਕਵੀਸ਼ਰੀ ਰਾਹੀਂ ਸੰਤਾਂ ਦੇ ਜੀਵਨ ਦਾ ਵਰਨਣ ਕੀਤਾ। ਕਵੀਸ਼ਰੀ ਦਿਲਬਾਗ ਸਿੰਘ, ਗੁਰਸੇਵਕ ਸਿੰਘ ਵਲਟੋਹਾ ਨੇ ਗੁਰੂ ਹਰਗੋਬਿੰਦ ਸਾਹਿਬ ਦਾ ਪ੍ਰਸੰਗ ਸੁਣਾ ਕੇ ਸਾਧ ਸੰਗਤ ਨੂੰ ਨਿਹਾਲ ਕੀਤਾ। ਜਥੇਦਾਰ ਗੁਰਲਾਲ ਸਿੰਘ, ਜਥੇਦਾਰ ਕਮਾਲ ਸਿੰਘ ਸ੍ਰੀ ਭੈਣੀ ਸਾਹਿਬ ਨੇ ਹੱਲੇ ਦੇ ਦਿਵਾਨ ਲਾ ਕੇ ਸੰਤਾਂ ਦੇ ਜੀਵਨ ਤੇ ਚਾਨਣਾ ਪਾਇਆ। ਉਪਰੰਤ ਸੂਬਾ ਬਲਵਿੰਦਰ ਸਿੰਘ ਝੱਲ ਨੇ ਆਪਣੇ ਸਮੇਂ ਵਿਚ ਸੰਤਾਂ ਦੇ ਜੀਵਨ ਬਾਰੇ ਦੱਸਿਆ।

ਸੰਤ ਪਰਦੀਪ ਸਿੰਘ ਬੱਧਨੀ ਕਲਾਂ ਵਾਲਿਆਂ ਨੇ ਆਪਣੇ ਸਮੇਂ ਵਿਚ ਨਾਮ ਦੀ ਮਹਿਮਾ, ਗੁਰੂ ਦੀ ਮਹਿਮਾ ਤੇ ਚਾਨਣਾ ਪਾ ਕੇ ਸਾਧ ਸੰਗਤ ਨੂੰ ਨਿਹਾਲ ਕੀਤਾ। ਸੰਤ ਜੋਰਾ ਸਿੰਘ ਹਿੰਮਤਪੁਰਾ ਵਾਲਿਆਂ ਨੇ ਸੰਤ ਪਰਦੀਪ ਸਿੰਘ ਨੂੰ ਸਿਰੋਪਾ ਭੇਟ ਕੀਤਾ।

**ਪਾਠਾਂ ਦੇ ਭੋਗ–** ਇਸ ਸਮੇਂ ਸਾਧ ਸੰਗਤ ਵਲੋਂ ਸਧਾਰਨ ਪਾਠਾਂ ਦੇ ਭੋਗ ਪਾਏ ਗਏ ਤੇ ਮਨੋਕਾਮਨਾ, ਪੁੱਤਰਾਂ ਦੀ ਦਾਤ ਵਾਸਤੇ ਅਰਦਾਸਾਂ ਕਰਵਾਈਆਂ ਗਈਆਂ।

1 ਪਾਠ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ।

1 ਪਾਠ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿਚ।

1 ਪਾਠ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਚੜ੍ਹਦੀ ਕਲਾ ਵਾਸਤੇ।

3 ਪਾਠ ਜਗਤ ਮਾਤਾ ਚੰਦ ਕੌਰ ਜੀ ਦੀ ਯਾਦ ਵਿਚ।

3 ਪਾਠ ਸੰਤ ਕਰਮ ਸਿੰਘ ਜੀ ਦੀ ਯਾਦ ਵਿਚ

1 ਪਾਠ ਸੰਤ ਗੁਰਮੁਖ ਸਿੰਘ ਦੀ ਯਾਦ ਵਿਚ।

1 ਪਾਠ ਸੰਤ ਜੋਰਾ ਸਿੰਘ ਦੀ ਦੇਹ ਅਰੋਗਤਾ ਲਈ

14 ਪਾਠ ਸਾਧ ਸੰਗਤ ਵਲੋਂ ਮਨੋਕਾਮਨਾ ਵਾਸਤੇ।

**ਲੰਗਰ–** ਲੰਗਰ ਦਾ ਪ੍ਰਬੰਧ ਬਹੁਤ ਵਧੀਆ ਢੰਗ ਨਾਲ ਕੀਤਾ ਗਿਆ ਸੀ। ਸੋਧ ਦੇ ਲੰਗਰ ਦਾ ਇੰਤਜਾਮ ਵਖਰਾ ਸੀ। ਸਾਧ ਸੰਗਤ ਵਾਸਤੇ ਵਖਰੀਆਂ ਲੋਹਾਂ ਤੱਪ ਰਹੀਆਂ ਸਨ ਜਿਸ ਤੇ ਬੀਬੀਆਂ ਪ੍ਰਸ਼ਾਦਾ ਤਿਆਰ ਕਰ ਰਹੀਆਂ ਸਨ। ਨੌਜਵਾਨ ਸਭਾ ਹਿੰਮਤਪੁਰੇ ਦੇ ਨੌਜਵਾਨਾਂ ਨੇ ਤਨ, ਮਨ ਤੇ ਧਨ ਨਾਲ ਸਾਧ ਸੰਗਤ ਦੀ ਸੇਵਾ ਕੀਤੀ। ਜੋੜਿਆਂ ਦਾ ਪ੍ਰਬੰਧ, ਲੰਗਰ ਦਾ ਪ੍ਰਬੰਧ ਬਹੁਤ ਹੀ ਸੁਚਜੇ ਢੰਗ ਨਾਲ ਕੀਤਾ ਗਿਆ ਸੀ।

**ਨਵੀਂ ਇਮਾਰਤ ਦੀ ਤਿਆਰੀ–** ਹਿੰਮਤਪੁਰੇ ਵਿਖੇ ਜਿਥੇ ਪਹਿਲਾਂ ਬਹੁਮੰਜਲੀ ਇਮਾਰਤ ਤਿਆਰ ਕੀਤੀ ਗਈ ਹੈ।

**–ਗੁਰਦੇਵ ਸਿੰਘ ਚੀਮਾ**



**ਹਿੰਮਤਪੁਰੇ ਮੇਲੇ ਸਮੇਂ ਹਾਜ਼ਰ ਸਾਧ ਸੰਗਤ।**

# ਪਿਛੈ ਕੀਰਤਨੁ ਕਰਿਅਹੁ ਨਿਰਬਾਣੁ

● ਸ੍ਰੀ ਭੈਣੀ ਸਾਹਿਬ ਵਿਖੇ ਹਾਜ਼ਰਾ ਹਜ਼ੂਰ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਪਾਵਨ ਹਜ਼ੂਰੀ ਵਿਚ **ਸੰਤ ਹਜਾਰਾ ਸਿੰਘ ਮੁਕੇਰੀਆਂ** ਨਮਿਤ ਭੋਗ ਪਾਇਆ ਗਿਆ। ਸੰਤ ਹਜਾਰਾ ਸਿੰਘ ਦਾ ਜਨਮ ਪਾਕਿਸਤਾਨ ਦੇ ਜ਼ਿਲਾ ਸਿਆਲਕੋਟ ਦੀ ਤਹਿਸੀਲ ਨਾਰੋਵਾਲ ਦੇ ਪਿੰਡ ਮਹੀਓਦਾਤਾ ਵਿਚ ਹੋਇਆ। 1947 ਦੇ ਉਜਾੜੇ ਤੋਂ ਬਾਅਦ ਹਜਾਰਾ ਸਿੰਘ ਨੇ ਅਮਰੋਹੇ ਸ਼ੂਗਰ ਮਿੱਲ ਵਿੱਚ 15 ਸਾਲ ਨੌਕਰੀ ਕੀਤੀ ਅਤੇ ਇਥੇ ਹੀ ਉਹਨਾਂ ਦੀ ਨੇੜਤਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਹੋਈ ਅਤੇ ਸਤਿਗੁਰੂ ਜੀ ਦਾ ਭਰਪੂਰ ਪਿਆਰ ਮਿਲਿਆ। ਸ੍ਰੀ ਸਤਿਗੁਰੂ




**ਹਾਜ਼ਰਾ ਹਜ਼ੂਰ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨਾਲ ਸੰਤ ਹਜਾਰਾ ਸਿੰਘ ਦੀ ਇਕ ਯਾਦਗਾਰੀ ਤਸਵੀਰ।**



**ਸੰਤ ਹਜਾਰਾ ਸਿੰਘ**

ਜਗਜੀਤ ਸਿੰਘ ਜੀ ਨੇ ਅਪਾਰ ਕਿਰਪਾ ਕੀਤੀ ਅਤੇ 4 ਮੇਲੇ ਮੁਕੇਰੀਆਂ ਸੰਤ ਹਜਾਰਾ ਸਿੰਘ ਦੇ ਸੈਲਰ ਤੇ ਕੀਤੇ ਅਤੇ ਇਹਨਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਅਥਾਹ ਪਿਆਰ ਮਾਣਿਆ। ਸਿਹਤ ਢਿੱਲੀ ਹੋਣ ਕਰਕੇ ਇਕ ਦਿਨ ਆਪਣੀ ਧੀ ਮਨਜਿੰਦਰ ਕੌਰ ਨੂੰ ਕਹਿਣ ਲੱਗੇ ਕਿ ਹੁਣ ਮੈਂ ਚੜਾਈ ਕਰ ਜਾਣਾ ਹੈ। ਇਸ ਕਰਕੇ ਮੈਨੂੰ ਸ੍ਰੀ ਭੈਣੀ ਸਾਹਿਬ ਹਾਜ਼ਰਾ ਹਜ਼ੂਰ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੇ ਦਰਸ਼ਨ ਕਰਨ ਵਾਸਤੇ ਲੈ ਚੱਲ। ਸੰਤਾਂ ਦੀ ਧੀ ਉਹਨਾਂ ਨੂੰ ਸ੍ਰੀ ਭੈਣੀ ਸਾਹਿਬ ਲੈ ਕੇ ਆਈ। ਹਜ਼ੂਰ ਸਤਿਗੁਰੂ ਉਦੈ ਸਿੰਘ ਜੀ ਦੇ ਪਾਵਨ ਦਰਸ਼ਨ ਕੀਤੇ ਅਤੇ ਸ੍ਰੀ ਸਤਿਗੁਰੂ ਜੀ ਨੇ ਅਥਾਹ ਖੁਸ਼ੀਆਂ ਬਖਸ਼ੀਆਂ। ਜਿਸ ਦਿਨ ਸੰਤ ਹਜ਼ਾਰਾ ਸਿੰਘ ਚੜ੍ਹਾਈ ਕੀਤੇ ਸੰਤਾਂ ਦੇ ਵੱਡੇ ਪੁੱਤਰ ਨੇ ਸ੍ਰੀ ਭੈਣੀ ਸਾਹਿਬ ਫੋਨ ਕਰਕੇ ਸਤਿਗੁਰੂ ਉਦੈ ਸਿੰਘ ਜੀ ਦੇ ਚਰਨਾਂ ਵਿਚ ਅਰਜ਼ ਕੀਤੀ ਕਿ ਸੰਤਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ। ਕੁਝ ਸਮਾਂ ਸਰੀਰ ਢਿਲਾ ਹੋਇਆ ਅਤੇ ਸੰਤ ਇਕ ਦਿਨ ਸਵਾਸਾਂ ਦੀ ਪੂੰਜੀ ਪੂਰੀ ਕਰਕੇ ਇਸ ਸੰਸਾਰ ਤੋਂ ਸਦਾ ਲਈ ਚਲੇ ਗਏ। ਮਿਤੀ 3.9.2016 ਨੂੰ ਸੰਤ ਹਜਾਰਾ ਸਿੰਘ ਨਮਿਤ ਭੋਗ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਹਜ਼ੂਰੀ ਵਿਚ ਪਾਇਆ ਗਿਆ।



● **ਸੰਤ ਮੇਲਾ ਸਿੰਘ ਚਾਨਾ ਦਿੱਲੀ ਸਾਹਿਬਪੁਰੇ ਵਾਲੇ** ਸ੍ਰੀ ਸਤਿਗੁਰੂ ਜੀ ਦੀ ਬਖਸ਼ੀ 93 ਸਾਲ ਦੀ ਉਮਰ ਪੂਰੀ ਕਰਕੇ 27.7.2016 ਨੂੰ ਅਕਾਲ ਚਲਾਣਾ ਕਰ ਗਏ। ਇਹਨਾਂ ਦਾ ਜਨਮ ਮਾਹੂਵਾਲ ਪਿੰਡ ਵਿਚ ਸੰਤ ਪੂਰਨ ਸਿੰਘ ਚਾਨਾ ਦੇ ਘਰ ਹੋਇਆ। ਇਹਨਾਂ ਦੇ ਪਿਤਾ ਵੱਡੇ ਸੋਧੀ ਸਨ। ਇਹਨਾਂ ਦੀ ਮਾਤਾ ਦਾ ਨਾਂ ਪ੍ਰੀਤਮ ਕੌਰ ਅਤੇ ਪਤਨੀ ਦਾ ਨਾਂ ਸਵਰਨ ਕੌਰ ਸੀ। ਇਹ ਚਾਰ ਭਰਾ ਸਰਵ ਸੰਤ ਰਤਨ ਸਿੰਘ, ਗੁਰਦਿਆਲ ਸਿੰਘ, ਗੁਰਚਰਨ ਸਿੰਘ ਅਤੇ ਆਪ। ਇਹਨਾਂ ਦੀਆਂ ਤਿੰਨ ਭੈਣਾਂ ਵੀ ਸਨ। ਇਹਨਾਂ ਦੇ ਮਾਮਾ ਸੂਬਾ ਥੰਮ ਸਿੰਘ ਸਨ। ਇਹਨਾਂ ਦੇ ਤਾਇਆ ਜੀ ਸੂਬਾ ਕਿਸ਼ਨ ਸਿੰਘ 'ਝਾਂਸੀ' ਸਥਾਨ ਦੇ ਸੂਬਾ ਸਨ। ਇਹ ਜਦੋਂ ਛੋਟੀ ਉਮਰ ਵਿਚ ਸਨ ਤਾਂ ਇਕ ਵਾਰ ਇਹ ਸ੍ਰੀ ਭੈਣੀ ਸਾਹਿਬ ਵਿਚ ਪਾਠ ਕਰ ਰਹੇ ਸਨ ਤੇ ਇਹਨਾਂ ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਕਿਹਾ "ਤੂੰ ਪਾਠ ਬਹੁਤ ਸੋਹਣਾ ਕਰਦਾ ਹੈ।" ਇਹਨਾਂ ਨੇ ਵਡੇ ਹੋ ਕੇ ਸਾਹਿਬਪੁਰਾ ਸਥਾਨ ਦੀ ਪ੍ਰਧਾਨਗੀ ਬਹੁਤ ਸਾਲ ਤਕ ਸੰਭਾਲੀ। ਇਹਨਾਂ ਦੀ ਪ੍ਰਧਾਨਗੀ ਸਮੇਂ ਸਾਹਿਬਪੁਰਾ ਗੁਰਦੁਆਰਾ ਦੀ ਸਥਾਪਨਾ ਹੋਈ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਖੁਸ਼ੀਆਂ ਪ੍ਰਾਪਤ ਕੀਤੀਆਂ। ਇਹਨਾਂ ਦੇ ਘਰ ਦਾ ਟਪ ਵੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਕਰ ਕਮਲਾਂ ਨਾਲ ਲਗਾਇਆ। ਇਹਨਾਂ ਦਾ ਇਕ ਪੁੱਤਰ ਤੇ ਪੰਜ ਧੀਆਂ ਸਨ। ਇਹਨਾਂ ਨੇ ਤਿੰਨਾਂ ਸਤਿਗੁਰੂ ਸਾਹਿਬਾਨਾਂ ਦੇ ਦਰਸ਼ਨ ਕੀਤੇ। ਇਕ ਵੇਰ ਇਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਕਰਨ ਲਈ ਸ੍ਰੀ ਭੈਣੀ ਸਾਹਿਬ ਪਹੁੰਚੇ ਤਾਂ ਇਹਨਾਂ ਨੂੰ ਦੇਖਦਿਆਂ ਹੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਉਚਾਰਿਆ, "ਧੰਨ ਸੋ ਵੇਲਾ ਜਿਤ ਦਰਸਨ ਕਰਨਾ'। ਸੰਤ ਮੇਲਾ ਸਿੰਘ ਨੇ ਚਰਨਾਂ ਤੇ ਮੱਥਾ ਟੇਕਦਿਆਂ ਕਿਹਾ ਹਉ ਬਲਿਹਾਰੀ ਸਤਿਗੁਰ ਚਰਨਾ। ਇਹਨਾਂ ਤੇ ਇਹਨਾਂ ਦੇ ਪਰਿਵਾਰ ਤੇ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਹਮੇਸ਼ਾ ਬਣੀ ਰਹੇ। ਇਹਨਾਂ ਦੇ ਚਲਾਣੇ ਉਪਰੰਤ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਇਹਨਾਂ ਦੇ ਘਰ ਚਰਨ ਪਾ ਪਰਿਵਾਰ ਨੂੰ ਹੌਂਸਲਾ ਦਿੱਤਾ।

**ਬਜ਼ਾਰ ਦਾ ਭੋਜਨ ਨਾ ਸ਼ੁੱਧ ਹੁੰਦਾ ਹੈ ਅਤੇ ਨਾ ਹੀ ਮਰਯਾਦਾ ਵਿਚ ਆਉਂਦਾ ਹੈ ਫਿਰ ਕਿਉਂ ਖਾਧਾ ਜਾਏ?**

Date of Publication: 21/09/2016, Date of Posting: 22-23/09/2016
Posted at PSO New Delhi-110001

RNI NO.55658/93 Delhi Postal Regd. No. DL(W) 01/2055/15-17
License to Post Without Pre-Payment, U(C) - 169/2015-17



ਸ੍ਰੀ ਭੈਣੀ ਸਾਹਿਬ ਆਰੰਭ ਹੋਏ ਜਪ ਪ੍ਰਯੋਗ ਦੌਰਾਨ ਸਾਧ-ਸੰਗਤ ਸ੍ਰੀ ਸਤਿਗੁਰੂ ਜੀ ਦੇ ਦਰਸ਼ਨਾਂ ਦਾ ਅਨੰਦ ਪ੍ਰਾਪਤ ਕਰਦੀ ਹੋਈ -੧੯ ਸਤੰਬਰ ੨੦੧੬





ਸ੍ਰੀ ਮਾਤਾ ਚੰਦ ਕੌਰ ਜੀ ਦੀ ਯਾਦ ਵਿੱਚ ਯੂ.ਕੇ. ਹੋਏ ਸਮਾਗਮ ਦੌਰਾਨ ਸ੍ਰੀ ਸਤਿਗੁਰੂ ਜੀ ਦੀਪ ਪ੍ਰਵਲਿਤ ਕਰਦੇ ਹੋਏ ਅਤੇ ਆਪਣੇ ਆਸਣ ਦੇ ਸੁਭਾਇਮਾਨ ਸ੍ਰੀ ਸਤਿਗੁਰੂ ਜੀ ਸਾਧ-ਸੰਗਤ ਨੂੰ ਦਰਸ਼ਨ ਦੀਦਾਰੇ ਬਖ਼ਸ਼ਦੇ ਹੋਏ ।



ਸ੍ਰੀ ਸਤਿਗੁਰੂ ਜੀ ਦੀ ਪਾਵਨ ਹਜ਼ੂਰੀ ਵਿੱਚ ਛੋਟੇ ਬੱਚੇ ਕੀਰਤਨ ਕਰਦੇ ਹੋਏ (ਯੂ.ਕੇ.) ।



ਯੂ.ਕੇ ਵਿਖੇ ਸ੍ਰੀ ਸਤਿਗੁਰੂ ਜੀ ਨੂੰ ਅਰਜ਼ ਕਰਦੇ ਸੂਬਾ ਕੁਲਦੀਪ ਸਿੰਘ ਚਾਨਾ ।



ਸ੍ਰੀ ਸਤਿਗੁਰੂ ਉਦੈ ਸਿੰਘ ਜੀ ਯੂ.ਕੇ. ਵਿਖੇ ਨਵੀਂ ਪਨੀਰੀ ਅਤੇ ਨੌਜਵਾਨਾਂ ਨੂੰ ਆਪਣੇ ਪਿਆਰ ਨਾਲ ਸੀਂਞਦੇ ਹੋਏ ।



ਹਵਨ ਮੰਡਪ (ਸ੍ਰੀ ਭੈਣੀ ਸਾਹਿਬ) ਵਿਖੇ ਅੰਮ੍ਰਿਤ ਵੇਲੇ ਵੱਡੀ ਗਿਣਤੀ ਵਿੱਚ ਸਾਧ-ਸੰਗਤ ਅੰਮ੍ਰਿਤ ਛੱਕਦੀ ਹੋਈ ।

Subscriber's Address

Type setting by: CADCON
Designed by : Jaswant Graphics

ਇਕ ਪ੍ਰਤੀ : ਪੰਜ ਰੁਪਈਏ
ਇਕ ਸਾਲ : ਦੇਸ - 250 ਰੁਪਈਏ, ਪ੍ਰਦੇਸ - 30 ਪੌਂਡ
ਪੰਜ ਸਾਲ : ਦੇਸ - 1000 ਰੁਪਈਏ, ਪ੍ਰਦੇਸ - 120 ਪੌਂਡ

ਦਿੱਲੀ
ਵੀਰਵਾਰ: ਸੂਰਜ ਚੜ੍ਹਨ ਦਾ ਸਮਾਂ-ਸਵੇਰੇ 6.10 ਮਿੰਟ
ਵੀਰਵਾਰ: ਸੂਰਜ ਡੁੱਬਣ ਦਾ ਸਮਾਂ-ਸ਼ਾਮੀਂ 6.18 ਮਿੰਟ

Printed and published by Mr. Harvendra Singh Hanspal on behalf of Namdhari Darbar. Printed at Summit Advertising Press, 2 DLF (Part), Moti Nagar, New Delhi-110015 and published from Namdhari Gurdwara, Ramesh Nagar, New Delhi-110015. Editor-Harvendra Singh Hanspal.
Telephone no : 011-40519403, Email : satjugweekly@gmail.com
Issue No. 27 of 22 September 2016